ਮਾਰਚ 2006

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 3 ◆ ਸਾਲ ਅਠਾਰਵਾਂ ◆ ਮਾਰਚ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਚਿੱਠੀਆਂ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਸੰਗੀਤ ਵਿਰਸਾ: ਸਿੱਖ ਕੀਰਤਨ ਦਾ ਇਤਿਹਾਸਕ ਵਿਕਾਸ**<br>*ਡਾ. ਦੇਵਿੰਦਰ ਸਿੰਘ ਵਿਦਿਆਰਥੀ (ਗੁਰਪੁਰਵਾਸੀ)* | 7 |
| **ਗੁਰਮਤਿ ਸੰਗੀਤ ਟਕਸਾਲ ਦੋਧਰ**<br>*ਗੁਰਜੰਤ ਸਿੰਘ ਰਾਹੀ* | 11 |
| **ਕਥਿਉ ਅਕਥ ਕਹਾਣੀ**<br>*ਤਿਰਲੋਕ ਸਿੰਘ ਸੂਰੀ* | 14 |
| **ਢਿਲਵਾਂ (ਜਲੰਧਰ) ਦੀ ਕਲਾਸੀਕਲ ਕੀਰਤਨ ਨੂੰ ਦੇਣ**<br>*ਸੁਰਿੰਦਰ ਕੌਰ ਢਿੱਲੋਂ* | 17 |
| **ਰਾਗ ਵਿਵਰਨ - ਰਾਗੁ ਵਡਹੰਸੁ**<br>*ਪ੍ਰੋ. ਕਰਤਾਰ ਸਿੰਘ* | 18 |
| **ਗੁਣਾਂ ਦੀ ਗੁੱਥਲੀ - ਦਾਦਾ ਪੋਤਾ**<br>*ਡਾ. ਗੁਰਮੀਤ ਸਿੰਘ ਬੈਦਵਾਣ* | 20 |
| **ਕੀਰਤਨ ਸਮਾਚਾਰ**<br>*ਮੰਗਤ ਸਿੰਘ ਮਸਤਾਨਾ* | 21 |
| **ਸੁਰ ਲਿਪੀ**<br>*ਪ੍ਰੋ. ਹਰਮਿੰਦਰ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਮਿਤ੍ਰੁ ਅਸਾਡੜੇ ਸੇਈ

♦ ਜਨਵਰੀ ਅੰਕ ਬੇਹੱਦ ਪਸੰਦ ਆਇਆ। ਸੋਹਣ ਸਿੰਘ ਜੀ ਦਾ ਲੇਖ ਸਚਹੁ ਉਰੈ ਸਭ ਕੋ ਉਪਰਿ ਸਚ ਅਚਾਰ, ਪ੍ਰੋ: ਜਸਬੀਰ ਕੌਰ ਦਾ ਲੇਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ, ਬੀਬੀ ਜਸਵੀਰ ਕੌਰ ਖਾਲਸਾ ਵਲੋਂ -ਮੇਰੀ ਮਾਏ ਮਾਤਾ ਨਰਿੰਦਰ ਕੌਰ ਜੀ(ਪਿਆਰ ਭਰੀ ਸ਼ਰਧਾਂਜਲੀ), ਬੀਬੀ ਜਸਵੀਰ ਕੌਰ ਖਾਲਸਾ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਜੀਵਨ ਕਾਲ ਵਿਚ ਸੰਗੀਤ ਸਮਾਰੋਹ (ਅਦੁੱਤੀ ਸੰਗੀਤ ਸੰਮੇਲਨ) ਵਿਚ ਬਹੁਤ ਹੀ ਵੱਡਾ ਯੋਗਦਾਨ ਪਾਇਆ ਅਤੇ ਸਾਡੇ ਵਲੋਂ ਵੀ ਮਾਤਾ ਨਰਿੰਦਰ ਕੌਰ ਨੂੰ ਇਹੋ ਸ਼ਰਧਾਂਜਲੀ ਹੈ ਕਿ ਪ੍ਰਮਾਤਮਾ ਉਨ੍ਹਾਂ ਨੂੰ ਚਰਨਾ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਤਾਕਤ ਬਖਸ਼ੇ।

ਗੁਰਜੰਤ ਸਿੰਘ ਰਾਹੀ ਵਲੋਂ ਪੰਜਾਬ ਵਿਚ ਤਬਲੇ ਦੀ ਉਤਪਤੀ ਅਤੇ ਵਿਕਾਸ ਲੇਖ ਅਨਹਦ ਵਾਜੇ ਵਜਹਿ ਘਰ ਮਹਿ ਪਿਰ ਸੰਗ ਸੇਜ ਵਿਛਾਈ ਲੇਖ ਵਲੋਂ ਭਗਵੰਤ ਸਿੰਘ ਦਿਲਾਵਰੀ, ਰਾਗ ਨਾਦ ਸਭ ਸਚੁ ਹੈ ਕਵਿਤਾ ਵਲੋਂ ਤੀਰਥ ਸਿੰਘ ਵਿੱਲੋਂ ਗੁਰਮਤਿ ਸੰਗੀਤ ਦੀ ਅੰਮ੍ਰਿਤਧਾਰਾ ਅਦੁੱਤੀ ਕੀਰਤਨ ਸੰਗੀਤ ਸੰਮੇਲਨ ਬਾਰੇ ਲੇਖ ਵਲੋਂ ਪਰਮਜੀਤ ਸਿੰਘ ਪੰਮੀ, (ਜੋ ਕਿ ਜਵੱਦੀ ਕਲਾਂ ਦੇ ਸੰਗੀਤ ਸੰਮੇਲਨ ਬਾਰੇ ਅਤੇ ਰਾਗਾਂ ਵਿਚ ਗਾਈਆਂ ਰਾਗੀ ਸਿੰਘਾਂ ਦੀਆਂ ਕੈਸਟਾਂ ਬਾਰੇ ਜਾਣਕਾਰੀ ਦੇਣ ਲਈ ਬਹੁਤ ਬਹੁਤ ਧੰਨਵਾਦ)। ਸਿੱਖ ਸਰੂਪ ਲੇਖ ਵਲੋਂ ਤ੍ਰਿਲੋਕ ਸਿੰਘ ਸੂਰੀ, ਭਾਈ ਵੀਰ ਸਿੰਘ ਜੀ ਦਾ ਲੇਖ ਇਸ਼ਨਾਨ ਕਰੇ ਭਲਕੇ ਪ੍ਰਭਾਤੀ ਇਸਨਾਨ ਕਰੇ ਅੰਮ੍ਰਿਤਸਰਿ ਨਾਵੈ ਬਹੁਤ ਹੀ ਖੋਜ ਭਰਪੂਰ ਲੇਖ ਸੀ।

*ਪ੍ਰੋ: ਮੰਗਤ ਸਿੰਘ ਮਸਤਾਨਾ*

ਸੰਗਮ ਰੇਡੀਓ ਅਤੇ ਟੀਵੀ ਕਾਲਜ, ਮਲੌਟ(ਮੁਕਤਸਰ)

♦ It is indeed an excellent idea to put a few relevent lines from Gurbani on the front cover and also put their meanings on the side as well. Good luck. Keep it on.

***Sumeet Kaur***

*R H # 4, Konark Pooram, Kondhwa, Pune*

## ਕਰਉ ਬੇਨੰਤੀਆ

# ਗੁਰਬਾਣੀ ਜਿਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ

ਕਈ ਵਾਰੀ ਐਸੀਆਂ ਰੂਹਾਂ ਨਾਲ ਮੇਲ ਹੁੰਦਾ ਹੈ ਜਿਨ੍ਹਾਂ ਨਾਲ ਗਲਬਾਤ ਕਰਕੇ ਮਹਿਸੂਸ ਹੁੰਦਾ ਹੈ ਕਿ ਜਿਵੇਂ ਗੁਰਬਾਣੀ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ। ਇਸੇ ਤਰ੍ਹਾਂ ਦੀ ਇਕ ਰੂਹ ਹੈ ਬੀਬੀ ਚਾਂਦਨਾ ਆਨੰਦ। ਚਾਂਦਨਾ ਜੀ ਅੱਗੇ ਵੀ ਸਾਡੇ ਘਰ ਆਉਂਦੇ ਹਨ। ਪਰ ਇਸ ਵਾਰ ਇਕ ਸ਼ਾਮ ਨੂੰ ਘਰ ਵਿਚ ਜਿਵੇਂ ਇਕ ਦਮ ਹੀ ਪ੍ਰਗਟ ਹੋ ਗਏ। ਘਰ ਦੀ ਗੈਲਰੀ ਦੇ ਹਨੇਰੇ ਵਿਚੋਂ ਇਕ ਦੇਵੀ ਵਾਂਗ ਉਦੈ ਹੋ ਗਏ। ਆਉਂਦਿਆਂ ਹੀ ਉਨ੍ਹਾਂ ਮੇਰੀ ਪਤਨੀ, ਬੱਚਿਆਂ ਨਾਲ ਜੱਫੀਆਂ ਪਾ ਕੇ ਅਤੇ ਗੱਲਬਾਤ ਕਰਕੇ ਘਰ ਵਿਚ ਇਕ ਜਾਦੂ ਜਿਹਾ ਵਰਤਾ ਦਿੱਤਾ। ਜਦੋਂ ਗੱਲਬਾਤ ਕਰਦੇ ਤਾਂ ਇੰਜ ਲਗਦਾ ਜਿਵੇਂ ਸੁਰ ਕੀਤੀ ਹੋਈ ਸਾਰੰਗੀ ਮੀੜਾਂ ਸਹਿਤ ਗਲ ਕਰ ਰਹੀ ਹੋਵੇ।

ਉਨ੍ਹਾਂ ਨਾਲ ਗੱਲਬਾਤ ਕਰਦਿਆਂ ਇਹ ਵੀ ਲੱਗਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਗੁਰਬਾਣੀ ਦੇ ਗੁੱਝੇ ਰਹੱਸਾਂ ਨੂੰ ਜਾਣਨ ਦੀ ਤੀਬਰ ਲਾਲਸਾ ਹੈ। ਉਨ੍ਹਾਂ ਦੇ ਮਨ ਦੀ ਅਵਸਥਾ ਬਾਰੇ ਜਾਣਕੇ ਆਪਣੇ ਆਪ ਤੇ ਸ਼ਰਮ ਆਉਣ ਲੱਗ ਪੈਂਦੀ ਹੈ। ਅਸੀਂ ਜਿਹੜੇ ਬਚਪਨ ਤੋਂ ਗੁਰਬਾਣੀ ਪੜ੍ਹਦੇ-ਗਾਉਂਦੇ ਆ ਰਹੇ ਹਾਂ, ਲੋਕਾਂ ਨੂੰ ਉਪਦੇਸ਼ ਵੀ ਦਿੰਦੇ ਹਾਂ ਪਰ ਗੁਰਬਾਣੀ ਪ੍ਰਤੀ ਇਤਨਾ ਲਗਾਓ ਤਾਂ ਸਾਡੇ ਮਨ ਵਿਚ ਵੀ ਉਤਪਨ ਨਹੀਂ ਹੋਇਆ।

ਪਿਛਲੇ ਸਾਲ ਅਕਤੂਬਰ ਵਿਚ ਉਨ੍ਹਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਜਿਹੜਾ ਸੁੰਦਰ ਕਿਤਾਬਚਾ ਉਨ੍ਹਾਂ ਛਪਵਾ ਕੇ ਵੰਡਿਆ ਉਹ ਵੀ ਗੁਰਬਾਣੀ ਪ੍ਰਤੀ ਲਗਾਓ ਦਾ ਉੱਤਮ ਨਮੂਨਾ ਹੈ। ਉਸ ਕਿਤਾਬਚੇ ਨੂੰ ਪੜ੍ਹਨਾ ਆਮ ਪਾਠਕਾਂ ਲਈ ਵੀ ਲਾਹੇਵੰਦ ਹੋਵੇਗਾ।

**Harcharn Balwant Singh**

17th April, 1921- 30th October, 2005

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

These shabads are part of a selection made by Ama to be sung on the occasion of her Bhog and Antim Ardas. She chose them in knowlodge of being those particularly favoured by Papa. We are indeed grateful to Ragi Avtar Singh for their rendition. She held Ragi Sahib in very high regard and much enjoyed his kirtan for its purity of form and soulful singing. Recently she was intensely moved by his performance at the Darbar Sahib to the accompaniment of the Taus. She would have been gratified that he accorded the same pleasure to those gathered here in her memory.

Ama and Papa were committed to the understanding of the meaning and the essence of Gurbani to facilitate a life in implementation of its precepts. To honour this endeavour we offer and interpretation of the shabads in accordance to what we believe to have been their comprehension of them.

ਰਾਮਕਲੀ ਮਹਲਾ ੫
ਪਵਨੈ ਮਹਿ ਪਵਨੁ ਸਮਾਇਆ॥
ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥
ਰੋਵਨਹਾਰੇ ਕੀ ਕਵਨ ਟੇਕ॥ ੧॥
ਕਉਨ ਮੂਆ ਰੇ ਕਉਨ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ॥ ਰਹਾਉ॥
ਅਗਲੀ ਕਿਛੁ ਖਬਰਿ ਨਾ ਪਾਈ॥
ਰੋਵਨਹਾਰੁ ਭਿ ਊਠਿ ਸਿਧਾਈ॥
ਭਰਮ ਮੋਹ ਕੇ ਬਾਂਧੇ ਬੰਧ॥
ਸੁਪਨੁ ਭਇਆ ਭਖਲਾਏ ਅੰਧ॥੨॥
ਇਹੁ ਤਉ ਰਚਨੁ ਰਚਿਆ ਕਰਤਾਰਿ॥
ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ॥
ਨਹ ਬਿਨਸੈ ਅਬਿਨਾਸੀ ਹੋਗੁ॥੩॥
ਜੋ ਇਹ ਜਾਣਹੁ ਸੋ ਇਹੁ ਨਾਹਿ॥
ਜਾਣਨਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥
ਨ ਕੋਈ ਮਰੈ ਨਾ ਆਵੈ ਜਾਇਆ ॥੪॥

*The life force merges with the cosmos.*
*The light of being blends with the eternal light.*
*Dust becomes one with dust.*
*What in that case sustains them who lament?*
*Who is it then that has died?*
*All those enlighened come together and deliberate.*
*All this is no inkling of what is to happen next.*
*Those mourning will also have to pass on.*
*Mortals are bound by foreboding and attachments.*
*Illusions willfully blinding and misleading.*
*The wonder of the cosmic law.*
*Deems all that has come into existence to wane and cease.*
*Truly no one is dead and none is even capable of dying.*
*The Self can never perish. It is indestructible.*
*The person is not what is conceived to be.*
*Surrender to those who have realized this truth.*
*Nanak submits that the Guru has dispelled his misapprehensions.*
*In the eternal cycle there is no birth nor is there death.*

ਬਿਲਾਵਲੁ ਮਹਲਾ ੫
ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ
ਜਿਨੀ ਹਰਿ ਰਸੁ ਪੀਆ॥੪॥੨॥

*The ray returns to become one with the sun.*
*Water amalgamates with water.*
*The light of what was form fuses with the eternal light.*
*Completion and perfection thereby attained.*
*The absolute is now beheld.*
*The ultimate heard.*
*No living being can fathom the marvel of all that is*
*The power of supreme creativity alone facilitates the Creator to be manifest in all that is and unite everything within itself.*

The maker indistinguishable from that created: simultaneously the cause, the resultant composition, the essnce, the experience and the feel.
Nanak avows in all humility
This realization is bestowed only on those who have drunk of the elixir of true knowledge.

ਮਾਰੂ ਮਹਲਾ ੫
ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ।
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥ ੧॥
ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀਂ ਜਾਨਿਓ।।
ਜੋ ਜੋ ਹੁਕਮ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕੁ ਖਸਮੁ ਪਛਾਤਾ॥੪॥

Pride, attachment, avarice and other detrimental emotions
I strove to relinquish from my mind.
The wealth of Truth is my desired stock in trade.
It is this merchandise I carry with me to the hereafter.
The love of the Divine endured till the very end.
Through life I sought to serve; I depart with a heart full of devotion
I did not turn away from the reality of circumstances willed for me
I accepted all in serenity and with joy
Ever committed to fulfull my determined potential
Even in acute hunger I did not despair
In reverence I Acquiesced to what came to pass
With gracious benediction
The devotee has been exalted in this world and so will be in the world beyond.
Nanak avers that a life is of worth when it is belssed with realization

ਅਕਾਲ ਉਸਤਤਿ - ਪਾਤਸ਼ਾਹੀ 10
ਤ੍ਵ ਪ੍ਰਸਾਦਿ॥ ਕਬਿੱਤ
ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈ
ਨਿਆਰੇ ਨਿਆਰੇ ਹੁਇ ਕੈ ਫੇਰ ਆਗ ਮੈ ਮਿਲਾਹਿਗੇ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿਗੇ।।
ਜੈਸੇ ਏਕ ਨਦਿ ਤਰੰਗ ਕੋਇ ਉਪਜਤ ਹੈ
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ॥
ਤੈਸੇ ਬਿਸ੍ਵਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ॥੮੭॥

Just as from one fire erupt several sparks
Each separtating only to rejoin the fire
Just as from the ground emerge innumerable particles of dust
Only for each to amalgamate back in the dust
Just as from one river rise a multitude of waves
The water and waves are still but water
Just as divinity without from presents its varied images
Those born of you shall merge into you

On being asked to write her favourite verse from the Guru Granth Sahib, Ama expressed that while she was in awe of all of Gurbani, at that moment of time in her life, it was this verse that resonated with her. With tears falling on the writing, her hands trembling with frailty and memory alluding perfect recall, she wrote with resolution and inspiration: the essence of the meaning filling her being. This was the absolute last time she was ever able to write, she walked with dignity and in serednity to reach her true home, where here spouse awaited her.

*ਧਨਾਸਰੀ ਮਹਲਾ ੫*
*ਜਿਨ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰ ਆਉ ॥*
*ਅਨੰਦ ਮੰਗਲ ਗੁਨ ਗਾਉ*
*ਸਹਜ ਧੁਨਿ ਨਿਹਚਲ ਰਾਜੁ ਕਮਾਉ ॥*
*ਤੁਮ ਘਰਿ ਆਵਹੁ ਮੇਰੇ ਮੀਤ ॥*
*ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ।*
*ਰਹਾਉ।*
*ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥*
*ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ।*
*ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰ ॥ ਜੈਜੈਕਾਰੁ ਸਗਲ ਭੂਮੰਡਲ ਮੁਖ ਊਜਲ ਦਰਬਾਰ।*
*ਜਿਨ ਕੇ ਜੀਅ ਤਿਨੈ ਹੀ ਫੇਰੇ ਆਪ ਭਇਆ ਸਹਾਈ ॥*
*ਅਚਰਜੁ ਕੀਆ ਕਰਨੈਹਾਰੈ ਨਾਨਕੁ ਸਚੁ ਵਡਿਆਈ ॥*

*Dhanasri Mahala 5*
*The Power that played to manifest your form in this world has now called you away*
*Go with equipoise and joy*
*Serene, tranquil and happy, singing praise of the Divine*
*Attain command of all that is imperishable*
*My friend go to where is your home*
*All who ever wished you ill now purged*
*All your afflictions remedied*
*You are resplendent in all glory*
*Ended are your tedious undertakings and tiresome wandering*
*There is much jubilation in your home*
*Your spouse waits to honour you*
*Heed to the word of the enlightened Guru,*
*Thereby you shall not falter or be disconcerted*
*You shall be exalted in this world*
*And rediant, go to that beyond*
*The energy that creates all beings*
*Aids in their transformation*
*Nanak is ever in awe of the marvel and wonder of Creation.*

# ਸੰਗੀਤ ਵਿਰਸਾ: ਸਿੱਖ ਕੀਰਤਨ ਦਾ ਇਤਿਹਾਸਕ ਵਿਕਾਸ

ਡਾ. ਦੇਵਿੰਦਰ ਸਿੰਘ ਵਿਦਿਆਰਥੀ (ਗੁਰਪੁਰਵਾਸੀ)

"ਬੁੱਧੀ ਅਤੇ ਭਾਵਨਾ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਕਰਤਾਰੀ ਸੱਚ ਹੀ, ਸਾਰੇ ਸੰਸਾਰ ਵਿਚ ਕਲਾ ਦਾ ਧੁਰਾ ਬਣਦਾ ਹੈ।" ਸਿੱਖ ਜੀਵਨ ਵਿਚ ਵਿਆਪਕ ਗੁਰੂ ਬਾਣੀ ਦਾ ਕਰਤਾਰੀ ਸੱਚ ਹੀ ਉਹ ਸੱਚ ਹੈ ਜਿਸ ਨੇ ਮੱਧਕਾਲੀ ਪੰਜਾਬ ਦੀ ਚਿੰਤਨ-ਧਾਰਾ ਨੂੰ 'ਗਿਲਾਨੀ' ਤੋਂ ਮੁਕਤ ਕਰ ਕੇ ਸਤਾਣੀ ਚੇਤਨਾ ਦੀ ਪਾਣ ਲਾਈ ਸੀ। ਤਤਕਾਲੀ ਬੁੱਧੀ ਅਤੇ ਭਾਵਨਾ ਲਈ ਇਹ ਨਵਾਂ ਮਾਰਗ ਦਰਸ਼ਨ, ਇਕ ਨਵੇਂ ਜੀਵਨ ਦਾ ਸੁਭਰ ਸੰਦੇਸ਼ਾ ਸੀ। ਇਸ ਸੰਦੇਸ਼ ਦੀ ਪਿੱਠ ਪੂਰਨ ਵਾਲਾ ਕਲਾ-ਜਸ਼ਨ 'ਸੰਗੀਤ' ਦੀ ਉਹ ਸ਼ਕਤੀ ਸੀ ਜਿਸ ਦੀ ਮੰਗ, ਯਜੁਰ ਵੇਦ ਵਿਚ, ਇਕ ਰਿਖੀ ਆਤਮਾ ਨੇ ਅੰਦਰਲੇ ਵਿਚ ਕੂੜ ਕਬਾੜ ਦੇ ਜੰਮੇ ਢੇਰਾਂ ਨੂੰ ਹੂੰਝ ਕੇ ਬਾਹਰ ਕਰਨ ਲਈ ਕੀਤੀ ਸੀ।

ਬਦਕਿਸਮਤੀ ਨਾਲ ਅਸੀਂ ਇਸ ਇਤਿਹਾਸ ਵਿਧੀ ਤੋਂ ਕਦੇ ਉਹ ਅਰਥ ਨਹੀਂ ਲਏ ਸਨ ਜੋ ਅੱਜ ਪੱਛਮ ਤੋਂ ਆਈ ਸੂਝਵਾਨੀ ਦੀ ਚੇਤਨਾ ਭਾਲਦੀ ਹੈ। ਸਾਡੇ ਚਿੰਤਕ ਪੁਰਾਣੇ ਇਤਿਹਾਸ ਦੀ ਪ੍ਰੰਪਰਾ ਵਿਚ ਰਾਜ ਵੰਸ਼ਾਂ ਦੀ ਗਤੀ ਦਾ ਲੇਖਾ ਜੋਖਾ ਰੱਖਣ ਦੇ ਆਦੀ ਸਨ ਕਿਉਂਕਿ ਉਹ 'ਯਥਾ ਰਾਜਾ ਤਥਾ ਪਰਜਾ' ਦੇ ਸਿਧਾਂਤ ਅਧੀਨ ਹਾਥੀ ਦੀ ਪੈੜ ਵਿਚ ਸਭ ਦੀ ਪੈੜ ਦੇ ਨਿਸ਼ਾਨ ਭਾਲਣ ਦੇ ਆਦੀ ਸਨ। ਸਮਾਜ, ਸੰਸਕ੍ਰਿਤੀ, ਸਦਾਚਾਰ, ਸਭ ਰਾਜ-ਸੱਤਾ ਦੇ ਧੁਰੇ ਦੇ ਗਿਰਦ ਘੁੰਮਦੇ ਸਮਝੇ ਜਾਂਦੇ ਸਨ। ਇਥੋਂ ਤਕ ਕਿ ਧਰਮ ਜਿਹਾ ਵਿਸ਼ਾ, ਜੋ ਅਤਿਅੰਤ ਨਿੱਜੀ ਪ੍ਰਕਾਰ ਦੀਆਂ ਭਾਵਨਾਵਾਂ ਨਾਲ ਜੁੜਿਆ ਕਿਹਾ ਜਾ ਸਕਦਾ ਹੈ, ਬਹੁਤੇ ਥਾਈਂ ਰਾਜਾ ਦੇ ਧਰਮ ਨਾਲੋਂ ਵੱਖਰਾ (ਪਰਜਾ ਦੇ ਕਿਸੇ ਅੰਸ਼ ਜਾਂ ਵਿਅਕਤੀ ਦਾ) ਸੰਭਵ ਨਹੀਂ ਸੀ ਹੁੰਦਾ।

ਪੱਛਮ ਤੋਂ ਆਈ ਇਤਿਹਾਸਕ ਚੇਤਨਾ ਅਰਬਾਂ ਅਤੇ ਯੂਨਾਨੀਆਂ ਦੀ ਧਰੋਹਰ ਹੈ। ਇਤਿਹਾਸ ਦੀ ਪੱਛਮੀ ਚੇਤਨਾ ਦੇ ਮਾਹਿਰਾਂ ਦਾ ਮੱਤ ਹੈ ਕਿ 'ਇਤਿਹਾਸ ਅਨੁਭਵ ਦਾ ਇਕ ਬੇਰੜਾ ਰੂਪ ਹੈ ਜਿਸ ਵਿਚ 'ਹੋਂਦ ਦੀ ਹਸਤੀ' ਜਾਂ ਸੱਚ ਨੂੰ ਆਪੇ ਵਿਚ ਸਮੋ ਲੈਣ ਦੀ ਸਮਰਥਾ ਲਗਭਗ ਨਾਂਹ ਹੋਣ ਬਰਾਬਰ ਹੀ ਹੈ। ਘਟਨਾਵਾਂ ਦੀ ਇਸ ਲੜੀ ਬੱਧ ਕਹਾਣੀ ਦਾ ਸਮਾਜਕ ਵਿਚਾਰਾਂ, ਕਲਾ ਜਾਂ ਧਰਮ ਦੀ ਸੰਪੂਰਨ ਵਿਆਖਿਆ ਦੇ ਨਾਲ ਘਾਲਾ-ਮਾਲਾ ਨਹੀਂ ਹੋ ਸਕਦਾ। ਉਹ ਮਹਾਨ ਗੱਲਾਂ ਤਾਂ ਆਪਣੇ ਆਪ ਵਿਚ ਹੀ ਜ਼ਰੂਰੀ ਹਨ ਅਤੇ ਵਰਣਨ ਵਿਚ ਅਨਿਸਚਿਤ ਬਣ ਜਾਂਦੀਆਂ ਹਨ ਜਾਂ ਬੁੱਧੀਮਾਨੀ ਦੇ ਸੰਸੇ ਭਰੇ ਅਨੁਮਾਨਾਂ ਰਾਹੀਂ ਇਤਿਹਾਸਕ ਰੰਗ ਮੰਚ ਦੇ ਕਿਸੇ ਏਸ ਜਾਂ ਓਸ ਪਾਤਰ ਨੂੰ ਦੇ ਦਿੱਤਾ ਜਾਂਦਾ ਹੈ।'

ਇਤਿਹਾਸਕ ਪੱਖ ਤੋਂ ਸਿੱਖ ਚਿੰਤਨ, ਭਾਰਤੀ ਚਿੰਤਨ ਦਾ ਹੀ ਨਹੀਂ, ਵਿਸ਼ਵ ਚਿੰਤਨ ਪ੍ਰਕ੍ਰਿਆ ਦਾ ਇਕ ਨਿੱਗਰ ਅੰਗ ਹੈ। ਇਸ ਚਿੰਤਨ ਨੇ ਭਾਰਤ ਵਿਚ ਆਤਮ ਗਿਲਾਨੀ ਦੇ ਇਕ ਨਿਘਰਦੇ ਯੁੱਗ ਵਿਚ ਸੱਜਰੀਆਂ ਜੀਵਨ ਕਦਰਾਂ ਨੂੰ ਅੱਗੇ ਲਿਆ ਕੇ ਆਸ਼ਾ ਦੀ ਨਵੀਂ ਕਿਰਨ ਜਗਾਈ।

ਗੁਰੂ ਕੇ ਦਰਬਾਰ ਵਿਚ ਮਾਨਵਤਾ ਦੀ ਏਕਤਾ ਇਕ ਨਿਰਾਲੇ ਰੂਪ ਵਿਚ ਉਭਰੀ ਹੈ, ਜਿਸ ਵਿਚ ਜਾਤ-ਪਾਤ ਦੀਆਂ ਵਿੱਥਾਂ ਨੂੰ ਪ੍ਰਬੁੱਧਤਾ ਦੇ ਪੱਧਰ 'ਤੇ ਹੀ ਨਹੀਂ ਸਗੋਂ ਵਿਹਾਰਕ ਪੱਧਰ ਉਤੇ ਦੂਰ ਕਰਨ ਦਾ ਉਪਰਾਲਾ ਕੀਤਾ ਗਿਆ। ਗੁਰੂ ਦਰਬਾਰ ਇਸ ਭਾਵਾਤਮਕ ਏਕਤਾ ਦੀ ਪ੍ਰਤੱਖ ਮਿਸਾਲ ਕਹੀ ਜਾ ਸਕਦੀ ਹੈ। ਏਥੇ ਪਹਿਲੀ ਵਾਰ ਮਨੁੱਖ ਨੂੰ ਉਸ ਦੇ ਜਾਤ, ਵਰਣ ਨਾਲ ਨਹੀਂ, ਉਸ ਦੀ ਕਰਨੀ ਨਾਲ ਤੋਲਿਆ ਗਿਆ।

ਮਾਨਵੀ ਸਾਂਝਾਂ ਵਿਉਹਾਰ ਵਿਚ ਲਿਆਉਣ ਲਈ, ਲੰਗਰ ਅਤੇ ਸੰਗਤ ਦੇ ਸੰਕਲਪ ਦੀ ਉਸਾਰੀ ਵਿਚ ਬਹੁਤਾ ਹੱਥ ਕੀਰਤਨ ਦੀ ਸੰਸਥਾ ਦਾ ਸੀ। ਸਿੱਖੀ ਕੀਰਤਨ ਕਿਸੇ ਥਾਂ, ਕਿਸੇ ਸਮੇਂ, ਬਿਨਾਂ ਕਿਸੇ ਵਿਸ਼ਿਸ਼ਟਤਾ ਦੇ ਰੱਖ ਰਖਾਵ ਦੇ ਕੀਤਾ ਜਾਂਦਾ ਹੈ ਅਤੇ ਉਸ ਵਿਚ ਹਰ ਕੋਈ ਸ਼ਾਮਲ ਹੋ ਸਕਦਾ ਸੀ। ਕਿਸੇ ਨੂੰ ਵੀ ਉਸ ਦੀ ਜਾਤ ਜਾਂ ਜਨਮ ਦੇ ਅਧਾਰ ਨੂੰ ਧਿਆਨ ਵਿਚ ਰੱਖ ਕੇ, ਕਿਸੇ ਥਾਂ ਬੈਠਣ ਤੋਂ ਵਰਜਿਆ ਜਾਂ ਨਿਖੇੜਿਆ ਜਾਣਾ ਸਿੱਖੀ ਦੀ ਮੂਲ ਚੇਤਨਾ ਦਾ ਨਿਰਾਦਰ ਸਮਝਿਆ ਜਾਂਦਾ ਹੈ। ਛੂਤ ਛਾਤ ਦਾ ਵਿਚਾਰ ਜਾਂ ਆਰਥਿਕ ਊਚ ਨੀਚ ਦਾ ਵਿਚਾਰ ਵੀ ਨਹੀਂ ਹੁੰਦਾ। ਹਰ ਇਕ ਨੂੰ ਕੀਰਤਨ ਵਿਚ ਆਉਣ ਅਤੇ ਭਾਗ ਲੈਣ ਦੀ ਪੂਰੀ ਖੁੱਲ੍ਹ ਹੈ। ਹਰ ਕੋਈ ਇਕ ਘਰੇਲੂ ਵਾਤਾਵਰਣ ਵਿਚ ਵਿਚਰਦਾ ਹੈ।

ਸਿੱਖ ਕੀਰਤਨ ਅਧਿਆਤਮ ਦੀ ਭਾਸ਼ਾ ਵਿਚ

ਅਧਿਮਾਨਸ ਤਕ ਦੇ ਸਫ਼ਰ ਦਾ ਵਰਣਨ ਹੈ। ਇਹ ਯੋਗ ਦੀ ਗੂੜ੍ਹ ਕ੍ਰਿਆ ਵਾਂਗ ਕਠਿਨ ਅਤੇ ਬਾਲਕ ਦੀ ਵਿਲ੍ਹਕਣੀ ਵਾਂਗ ਸਹਿਜ ਸਰਲ ਹੈ। ਆਰੰਭ ਵਿਚ ਸਿੱਖ ਵੀ ਕੀਰਤਨ ਰਾਹੀਂ ਆਪਣੇ ਪ੍ਰਭੂ ਦੇ ਦਰ ਪੁਕਾਰ ਕਰਦਾ ਹੈ। ਪ੍ਰਭੂ ਦੇ ਮਹਲ ਤਕ ਅਪੜਨ ਲਈ ਗੁਰਬਾਣੀ ਨੂੰ ਮਾਰਗ-ਦਰਸ਼ਕ ਚਾਨਣ ਦੇ ਰੂਪ ਵਿਚ ਅਤੇ ਸੰਗੀਤ ਨੂੰ ਉਨ੍ਹਾਂ ਪਰੀ ਖੰਭਾਂ ਵਾਂਗ ਵਰਤਦਾ ਹੈ ਜੋ ਮਾਨਵੀ ਮਾਨਸਿਕਤਾ ਨੂੰ ਉਸ ਦਰ ਤਕ ਉਡਾ ਲੈ ਜਾਣ। ਉਸ ਦੀ ਪੀੜਾ ਗੁੱਧੀ ਪੁਕਾਰ ਹੁੰਦੀ ਹੈ:

*ਮੈਂ ਆਸਾ ਰਖੀ ਚਿਤਿ ਮਹਿ*

*ਮੇਰਾ ਸਭੋ ਦੁਖੁ ਗਵਾਇ ਜੀਉ॥* ਪੰਨਾ ੭੬੩

ਪਰ ਜਿਵੇਂ ਜਿਵੇਂ ਵਿਥਾਂ ਘਟਦੀਆਂ ਹਨ ਤਾਂ ਅਹਿਸਾਸ ਹੁੰਦਾ ਹੈ:

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*

ਭੌਤਿਕ ਵਿਗਿਆਨੀ ਜੀ ਐਚ ਰਾਨਾਡੇ ਨੇ ਸੰਗੀਤ ਬਾਰੇ ਚਰਚਾ ਕਰਦਿਆਂ ਭੌਤਿਕੀ ਅਤੇ ਸੁਹਜ ਸੂਝ ਨੂੰ ਸੰਗੀਤ ਦੀਆਂ ਸੰਚਾਲਕ ਸ਼ਕਤੀਆਂ ਗਿਣਦਿਆਂ ਪ੍ਰੰਪਰਾ, ਵਸ਼-ਸੰਯੋਗ, ਸੰਸਕ੍ਰਿਤਕ ਸਹਿਯੋਗ ਆਦਿ ਨੂੰ ਉਨ੍ਹਾਂ ਤੱਤਾਂ ਵਿਚ ਗਿਣਿਆ ਹੈ ਜੋ ਸੰਗੀਤ ਦੇ ਵਿਗਾਸ ਨੂੰ ਪ੍ਰਭਾਵਿਤ ਕਰਦੇ ਹਨ। ਇਹ ਪੰਜੇ ਸ਼ਕਤੀਆਂ ਆਪਣਾ ਮਹੱਤਵ ਰੱਖਦੀਆਂ ਹਨ। ਸੰਗੀਤ ਨੂੰ ਕੀਰਤਨ ਦਾ ਵਸੀਲਾ ਮੰਨਦਿਆਂ ਇਨ੍ਹਾਂ ਪਹਿਲੂਆਂ ਤੋਂ ਸਿੱਖ ਕੀਰਤਨ ਦੇ ਵਿਕਾਸ ਦਾ ਅਧਿਐਨ ਸਾਰਥਕ ਹੋਵੇਗਾ ਅਤੇ ਇਹ ਸਾਰਥਕਤਾ ਇਤਿਹਾਸਕ ਪ੍ਰਕ੍ਰਿਆ ਦੀ ਅਧਿਐਨ ਗਤੀ ਵਿਚਲੀ ਸਮੱਗਰੀ ਦੀ ਪ੍ਰਾਪਤੀ ਕਾਰਨ ਰਹੀ ਥੋਥ ਨੂੰ ਭਰਨ ਵਿਚ ਸਹਾਇਤਾ ਕਰ ਸਕੇਗੀ, ਇਸ ਸੰਭਾਵਨਾ ਦੀ ਆਸ ਕੀਤੀ ਜਾ ਸਕਦੀ ਹੈ।

ਸਿੱਖ ਕੀਰਤਨ ਦੇ ਸੰਗੀਤ ਦਾ ਭੌਤਿਕ ਅਧਾਰ ਭਾਰਤੀ ਕੀਰਤਨ ਦੇ ਸੰਗੀਤ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਸੰਗੀਤ ਦੇ ਵਜੂਦ ਨੂੰ ਦੋ ਮੁਖੀ ਹੋਂਦ ਕਬੂਲਿਆ ਗਿਆ ਹੈ। ਇਕ ਚਿਹਰਾ ਵਿਗਿਆਨ ਪੱਖੀ ਹੈ ਅਤੇ ਦੂਜਾ ਕਲਾ ਪੱਖੀ। ਸੰਗੀਤ ਦਾ ਵਿਗਿਆਨਕ ਪੱਖ ਉਸ ਦੇ ਬਾਹਰਮੁਖੀ ਅਕਾਰ ਵਿਚ ਉਘੜਦਾ ਹੈ ਅਤੇ ਉਸ ਦਾ ਕਲਾਮੁਖੀ ਮੁਹਾਂਦਰਾ ਉਸ ਦੀ ਚਮਤਕਾਰੀ ਵਿਸਤਾਰ ਪ੍ਰਕ੍ਰਿਆ ਵਿਚ ਦੇਖਿਆ ਜਾਂਦਾ ਹੈ। ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਸੰਗੀਤ ਦਾ ਸਰੀਰ ਉਸ ਦੀ ਵਿਗਿਆਨਕ ਹੋਂਦ ਦਾ ਲਖਾਇਕ ਹੈ ਅਤੇ ਉਸ ਦੀ ਆਤਮਾ ਦੇ ਦਰਸ਼ਨ ਕਲਾਤਮਕ ਪੱਖ ਦੇ ਦਰਸ਼ਨ ਕਹੇ ਜਾਣਗੇ। ਇਹ ਚਮਤਕਾਰੀ ਆਤਮਾ ਹੀ ਸੰਗੀਤ ਦਾ ਅਸਲ ਵਿਚ ਪ੍ਰਭਾਵਕਾਰੀ ਪੱਖ ਹੈ। ਇਸ ਤੋਂ ਬਿਨਾਂ ਸੰਗੀਤ ਅਰਥੋ ਸੱਤੇ ਦਾ ਸਵਾਲ ਬਣ ਕੇ ਰਹਿ ਜਾਵੇਗਾ।

ਸਿੱਖ ਕੀਰਤਨ ਦਾ ਸੁਹਜ ਬੋਧ ਵਧੇਰੇ ਨਿੱਖਰਿਆ ਹੋਇਆ ਹੈ ਕਿਉਂਕਿ ਇਸ ਵਿਚ ਬਾਣੀ ਦਾ ਨਾਦ ਸੌਂਦਰਯ ਵੀ ਸ਼ਾਮਲ ਹੈ। ਇਹ ਸੁਹਜ ਬੋਧ ਦੇ ਨਾਲ ਨਾਲ ਸੁਚੱਜ ਨੂੰ ਵੀ ਸ਼ਾਮਲ ਰੱਖਿਆ ਗਿਆ ਹੈ। ਸਾਰੀ ਗੁਰਬਾਣੀ ਵਿਚ ਕਿਧਰੇ ਪੂਜਨੀਕ ਪਦ ਧਾਰੀ ਆਗੂ ਦੇ ਨਿੱਜੀ ਜੀਵਨ ਦੀ ਰਸਿਕਤਾ ਲਈ ਕੋਈ ਅਵਸਰ ਨਹੀਂ ਆਉਂਦਾ। ਗੁਰਬਾਣੀ ਦੇ ਨਾਲ ਨਾਲ ਦਸਮ ਗ੍ਰੰਥ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦੀ ਵਰਤੋਂ ਗੁਰੂ ਦਰਬਾਰ ਦੀ ਮਰਯਾਦਾ ਦੇ ਅਨੁਕੂਲ ਮੰਨੀ ਗਈ ਹੈ।

ਪ੍ਰੰਪਰਾ ਦਾ ਪਾਲਨ ਅਤੇ ਵੰਸ਼ ਸਹਿਯੋਗ ਤੋਂ ਪ੍ਰਾਪਤ ਅਨੁਭਵਾਂ ਦਾ ਅਨੁਕਰਣ ਸੰਕੀਰਤਨ ਜਾਂ ਸਿੱਖ ਕੀਰਤਨ ਦੋਹਾਂ ਦੀ ਹੀ ਮਜਬੂਰੀ ਰਹੀ ਹੈ ਕਿਉਂਕਿ ਭਾਰਤੀ ਸੰਗੀਤ ਦੇ ਚਿੰਤਨ ਵਿਚ ਇਸ ਨੂੰ ਗੁਰੂ ਮੁਖ ਤੋਂ ਪ੍ਰਾਪਤ ਵਿੱਦਿਆ ਹੀ ਮੰਨਿਆ ਗਿਆ ਹੈ। ਅੱਜ ਦੀ ਸੰਗੀਤ ਦੀ ਸੁਰਾਵਲੀ ਲੇਖਨ ਵਿਧੀ ਉਨ੍ਹਾਂ ਦਿਨਾਂ ਵਿਚ ਸੁਲਭ ਨਹੀਂ ਸੀ। ਤਦ ਵੀ ਸਿੱਖ ਕੀਰਤਨ ਵਿਚ ਅਲਵਾਰਾਂ ਅਤੇ ਉਨਿਆਰਾਂ ਵਾਲੀ ਪਿਤਾ ਪੁਰਖੀ ਦੀ ਗੀਤ ਪਾਲਣੀ ਪ੍ਰਵਿਰਤੀ ਸਿੱਖ ਰਾਗੀਆਂ, ਰਬਾਬੀਆਂ ਵਿਚ ਕਾਇਮ ਨਹੀਂ ਰੱਖੀ ਜਾ ਸਕੀ। ਕੁਝ ਦੇਰ ਰਬਾਬੀ ਘਰਾਣੇ ਇਸ ਸਬੰਧ ਵਿਚ ਜਤਨ ਕਰਦੇ ਰਹੇ।

ਸੰਸਕ੍ਰਿਤਿਕ ਸਬੰਧਾਂ ਦੀ ਗੱਲ ਵੀ ਗੁਣ ਕ੍ਰਿਆ ਦੀ ਸਿੱਖਿਆ ਅਤੇ ਰੱਖਿਆ ਨਾਲੋਂ ਅਵਗੁਣਾਂ ਦੀ ਰੀਸ ਵੱਲ ਕੁਝ ਵਧੇਰੇ ਝੁਕਦੀ ਰਹੀ ਹੈ। ਥੀਏਟਰ ਕੰਪਨੀਆਂ ਦੇ ਸੰਗੀਤਕਾਰਾਂ ਦੀਆਂ ਰਚੀਆਂ ਧੁਨਾਂ ਸੁਖੈਨ ਅਤੇ ਲੋਕ ਮਨ ਦੀ ਇੱਛਾ ਨਾਲ ਵਧੇਰੇ ਜੁੜੀਆਂ ਹੋਣ ਕਾਰਨ ਅਤੇ ਸ਼ਾਸ਼ਤਰੀ ਸੰਗੀਤ ਦੀ ਅਵਗਤਿ ਤੋਂ ਪ੍ਰਭਾਵਿਤ ਸੁਹਜ-ਸੁਆਦ ਨੇ ਚਟਪਟੀਆਂ ਰਚਨਾਵਾਂ ਵੱਲ ਬਹੁਤ ਧਿਆਨ ਦੇਣਾ ਲਾਹੇਵੰਦਾ ਸਮਝਿਆ। ਇਸ ਤਬਦੀਲੀ ਦਾ ਅਸਲ ਕਾਰਨ ਆਰਥਿਕ ਹਿੱਤਾਂ ਦੀ ਓਟ ਵਿਚ ਘੋਖਣਾ ਉਚਿਤ ਹੋਵੇਗਾ। ਫੇਰ ਗ੍ਰਾਮੋਫੋਨ, ਸਿਨੇਮਾ, ਰੇਡੀਓ ਅਤੇ ਹੁਣ ਦੇ ਸਮੇਂ ਦੂਰਦਰਸ਼ਨ, ਵੀਡੀਓ ਜਾਂ ਟੇਪਾਂ ਨੇ ਰੁਚੀਆਂ ਦੀ ਮੌਲਿਕਤਾ ਅਤੇ ਸੁੱਚਮ ਦਾ ਘਾਣ ਕੀਤਾ ਹੈ। ਪੰਥ ਨੂੰ ਇਸ ਜ਼ਰੂਰੀ ਮਸਲੇ ਨੂੰ ਸਮਝਣ ਅਤੇ ਲੋੜੀਂਦੇ ਸੰਸਥਾਨ ਕਾਇਮ ਕਰਨ ਵੱਲ ਯੋਗ ਧਿਆਨ ਦੇਣਾ ਚਾਹੀਦਾ ਹੈ।

ਸਿੱਖ ਕੀਰਤਨ ਆਪਣੇ ਪੰਜ ਸੌ ਸਾਲਾਂ ਤੋਂ ਵਧ ਦੇ ਜੀਵਨ ਵਿਚ ਕਦੇ ਕਿਸੇ ਬਾਹਰੀ ਆਸਰੇ ਦਾ ਮੁਥਾਜ ਨਹੀਂ ਰਿਹਾ ਅਤੇ ਕਿਸੇ ਨੇ ਇਸ ਦੀ ਸਰਪ੍ਰਸਤੀ ਦਾ ਜੱਸ ਖੱਟਣ ਦੀ ਵੀ ਨਹੀਂ ਸੋਚੀ। ਜਿੰਨਾ ਸਮਾਂ ਇਹ ਰਬਾਬੀਆਂ ਅਤੇ ਢਾਡੀਆਂ ਦੀ ਧਰੋਹਰ ਰਿਹਾ, ਉਹ ਇਸ ਦਾ ਪ੍ਰਚਾਰ ਕਰਨ ਦੀ ਥਾਂ ਆਪਣੇ ਆਪਣੇ ਪਰਿਵਾਰ ਦੀ ਨਿੱਜੀ ਜੀਵਕਾ ਦਾ ਸਾਧਨ ਸਮਝ ਕੇ ਇਸ ਦੇ ਗੁਣ ਬੋਧ ਨੂੰ ਲੁਕਾ ਕੇ ਰੱਖਦੇ ਰਹੇ। ਗੁਰੂ ਸਾਹਿਬ ਦੇ ਸਮੇਂ ਜਿਹੜੇ ਸਿੱਖ ਰਾਗੀ ਖੇਤਰ ਵਿਚ ਰਹੇ ਉਨ੍ਹਾਂ ਵਿਚੋਂ ਬਹੁਤਿਆਂ ਨੇ ਇਸ ਗੁਣ ਨੂੰ ਖੁੱਲ੍ਹੇ ਹੱਥੀਂ ਵੰਡਿਆ ਪਰ ਉਹ ਯੁੱਗ, ਅੱਜ ਵਾਂਗ ਪ੍ਰਕਾਸ਼ਨ ਸਾਧਨਾਂ ਦਾ ਯੁੱਗ ਨਹੀਂ ਸੀ। ਗੁਰੂ ਚੇਲਾ ਪ੍ਰੰਪਰਾ ਤੋਂ ਅਗੇਰੇ ਨਹੀਂ ਵਧਿਆ ਜਾ ਸਕਦਾ ਸੀ। ਪਰ ਇਹ ਨਿੱਜੀ ਜਤਨ ਕਾਫੀ ਨਹੀਂ ਸਨ, ਇਨ੍ਹਾਂ ਵਿਚੋਂ ਕਾਫੀ ਸਿੱਧ ਵੀ ਨਹੀਂ ਹੋਏ।

ਲਗਭਗ ਅੱਧੀ ਸਦੀ ਦੇ ਸਿੱਖ ਰਾਜ ਨੂੰ ਉਥਾਨ ਕਾਰਕ ਗੁਣ ਗਿਆਨ ਦੀ ਵਿਵਸਥਾ ਕਰਨ ਵਾਲੇ ਗਿਆਨ ਦੀ ਵਿਹਲ ਨਹੀਂ ਮਿਲ ਸਕੀ ਜਾਂ ਉਸ ਪਾਸੇ ਉਨ੍ਹਾਂ ਦੀ ਰੁਚੀ ਨਹੀਂ ਸੀ, ਨਿਰੀ ਸ਼ਰਧਾ ਨਾਲ ਇਹ ਕਾਰਜ ਸਿਰੇ ਚਾੜ੍ਹਿਆ ਜਾਣ ਵਾਲਾ ਹੈ ਹੀ ਨਹੀਂ ਸੀ, ਤਦ ਵੀ ਚੰਗੇ ਰਾਗੀ ਅਤੇ ਰਬਾਬੀ ਢਾਡੀ ਸਤਿਕਾਰ ਪਾਉਂਦੇ ਰਹੇ। ਕਈਆਂ ਰਾਜ ਆਸਰਾ ਕਬੂਲਣਾ ਆਪਣੀ ਹੇਠੀ ਵੀ ਸਮਝੀ। ਫੂਲ ਕੇ ਘਰਾਣੇ ਦੀਆਂ ਰਿਆਸਤਾਂ ਨੇ ਇਕ ਦੋ ਗੁਣੀ ਪਰਿਵਾਰਾਂ ਦੀ ਸਰਪ੍ਰਸਤੀ ਜ਼ਰੂਰ ਕੀਤੀ ਪਰ ਕੋਈ ਸੰਸਥਾ ਸਥਾਪਤ ਨਾ ਕੀਤੀ ਜਾ ਸਕੀ। ਅਸਲ ਵਿਚ ਘਰ ਦੀ ਫੁੱਟ, ਮਰਹੱਟਿਆਂ ਫਰਾਂਸੀਸੀਆਂ ਅਤੇ ਅੰਗਰੇਜ਼ਾਂ ਦੇ ਦਿਨ ਪ੍ਰਤੀ ਦਿਨ ਵਧਦੇ ਭੈਅ ਨੇ ਵਿੱਦਿਆ ਪੱਖ ਵੱਲ ਧਿਆਨ ਹੀ ਨਹੀਂ ਦੇਣ ਦਿੱਤਾ।

ਇਕ ਹੋਰ ਪੱਖ ਗਾਇਨ ਸ਼ੈਲੀਆਂ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਿੱਖ ਕੀਰਤਨ ਦਾ ਮੁੱਢ ਹੁੰਦਾ ਹੈ। ਇਹ ਸਭ ਤੋਂ ਪ੍ਰਤੱਖ ਹੈ ਕਿ ਉਨ੍ਹਾਂ ਉਦਾਸੀਆਂ ਉਤੇ ਜਾਂਦੇ ਸਮੇਂ ਆਪਣੇ ਨਾਲ ਆਪਣੇ ਰਬਾਬੀ ਸਾਥੀ ਭਾਈ ਮਰਦਾਨਾ ਜੀ ਨੂੰ ਅਤੇ ਆਪਣੇ ਮਨਭਾਉਂਦੇ ਸਾਜ਼ ਰਬਾਬ ਨੂੰ ਸਦਾ ਨਾਲ ਰੱਖਿਆ ਜੋ ਆਪ ਨੇ ਭਾਈ ਮਰਦਾਨਾ ਜੀ ਨੂੰ ਫੇਰੂ ਸ਼ਹਿਰ ਭੇਜ ਕੇ ਮੰਗਵਾਇਆ ਸੀ। ਇਹ ਰਬਾਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੀਰਤਨ ਦਾ ਸਾਜ਼ ਰਹੀ। ਇਸ ਉਪਰ ਤਾਰ ਕੱਚੇ ਪੱਟ ਦੇ ਵੱਟ ਕੇ ਚਾੜ੍ਹੇ ਜਾਂਦੇ ਸਨ ਅਤੇ ਗਿਣਤੀ ਵਿਚ ਛੇ ਹੁੰਦੇ ਸਨ, ਆਂਸ ਦਾ ਕੰਮ ਵੀ ਦਿੰਦਾ ਸੀ।

ਗੁਰੂ ਅਮਰਦਾਸ ਜੀ ਨੂੰ ਸਾਰੰਦੇ ਦੀ ਕਾਢ ਨਾਲ ਜੋੜਿਆ ਗਿਆ ਹੈ, ਜੋ ਰਬਾਬੀ ਅਤੇ ਢਾਡੀ ਗਾਇਕੀ ਦੋਹਾਂ ਵਿਚ ਇਕੋ ਜਿਹਾ ਸੌਖ ਨਾਲ ਵਰਤਿਆ ਜਾ ਸਕਦਾ ਹੈ। ਇਸ ਨਾਲ ਨਿਸਚਾ ਹੈ ਰਬਾਬੀ ਅਤੇ ਢਾਡੀ ਗਾਇਕੀ ਦੀ ਇਕ ਸਾਂਝ ਗਾਇਕੀ ਦਾ ਪ੍ਰਚਲਣ ਸੰਭਵ ਹੋਇਆ ਹੋਵੇਗਾ। ਇਸੇ ਤਰ੍ਹਾਂ ਗੁਰੂ ਅਰਜੁਨ ਦੇਵ ਜੀ ਨੂੰ ਤਬਲੇ ਦਾ ਜੋੜੀ ਦੇ ਪ੍ਰਕਾਸ਼ਕ ਜਾਂ ਪ੍ਰਚਾਰਕ ਮੰਨਿਆ ਜਾਂਦਾ ਹੈ। ਤਬਲੇ ਦੀ ਵਾਜ ਸਾਰੇ ਜਾਣਦੇ ਹਨ ਕਿ ਤਾਲ ਦੇ ਹੋਰ ਸਾਜ਼ਾਂ ਨਾਲੋਂ ਵੱਖਰੇ ਬੋਲਾਂ ਤੇ ਅਧਾਰਤ ਹੈ। ਇਸ ਨਵੇਂ ਸਾਜ਼ ਦੇ ਵਾਧੇ ਨਾਲ ਵੀ ਢੱਡ ਅਤੇ ਢੋਲ ਦੀ ਸੰਗਤ ਨਾਲ ਗਾਇਕੀ ਅਭਿਵਿਅਕਤੀ ਵਿਚ ਨਵਾਂ ਨਿਖਾਰ ਆਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਵਾਰਾਂ ਦੀ ਪ੍ਰਭੁਤਾ ਕਾਰਨ ਇਕ ਵਾਰ ਮੁੜ ਢਾਡੀ ਗਾਇਕੀ ਉਤਸ਼ਾਹਿਤ ਹੋਈ। ਗੁਰੂ ਤੇਗ ਬਹਾਦਰ ਜੀ ਦਾ ਮੋਹ ਵਿਸ਼ੇਸ਼ ਕਰਕੇ ਮ੍ਰਿਦੰਗ ਨਾਲ ਸੀ। ਉਹ ਆਪਣਾ ਮ੍ਰਿਦੰਗ ਆਪਣੇ ਨਾਲ ਪੂਰਬ ਦੀ ਯਾਤਰਾ ਸਮੇਂ ਵੀ ਲੈ ਕੇ ਗਏ ਸਨ। ਕੁਦਰਤੀ ਹੈ ਕਿ ਦਰਬਾਰ ਦੇ ਕੀਰਤਨ ਵਿਚ ਵੀ ਮ੍ਰਿਦੰਗ ਵਰਤਿਆ ਜਾਣ ਲੱਗ ਪਿਆ ਹੋਵੇਗਾ। ਮ੍ਰਿਦੰਗ ਦਾ ਸਹਿਜ ਪ੍ਰਭਾਵ ਇਹ ਪਿਆ ਹੋਵੇਗਾ ਕਿ ਲੈਅ ਕਾਰੀ, ਕਾਲ ਪ੍ਰਦਰਸ਼ਨ ਦਾ ਸੁਭਾਵਕ ਅੰਗ ਬਣ ਗਈ ਹੋਵੇ। ਦਸ਼ਮੇਸ਼ ਜੀ ਦੇ ਦਰਬਾਰ ਵਿਚ ਤਿੰਨ ਹੋਰ ਨਵੇਂ ਵਾਜੰਤਰਾਂ ਦਾ ਪ੍ਰਵੇਸ਼ ਹੋਣ ਦੇ ਹਵਾਲੇ ਮਿਲਦੇ ਹਨ, ਇਹ ਤਿੰਨੇ ਤੰਤੀ ਸਾਜ਼ ਸਨ। ਇਨ੍ਹਾਂ ਦੇ ਨਾਮ ਅਸਰਾਜ, ਵੀਣਾ ਅਤੇ ਸੁਰ ਮੰਡਲ ਹਨ। ਅਸਰਾਜ ਮੰਡੀ ਦੇ ਗੁਰਦੁਆਰੇ ਵਿਚ ਅੱਜ ਵੀ ਮੌਜੂਦ ਹੈ।

ਸਾਜ਼ਾਂ ਦਾ ਪ੍ਰਭਾਵ ਗਾਇਕੀ ਦੇ ਢੰਗ ਉਤੇ ਪੈਂਦਾ ਹੈ, ਇਸ ਸੋਚ ਤੋਂ ਕੋਈ ਇਨਕਾਰ ਨਹੀਂ ਕਰਦਾ। ਸਾਜ਼ਾਂ ਦੀ ਇਸ ਵੰਨਗੀ ਤੋਂ ਜੋ ਅਨੁਮਾਨ ਹੁੰਦਾ ਹੈ ਉਹ ਇਹ ਹੈ ਕਿ ਕਲਾਤਮਕ ਪੱਖ ਦਿਨ ਪ੍ਰਤੀ ਦਿਨ ਵਧ ਰਿਹਾ ਸੀ। ਪਿਛੋਂ ਦੋ ਤਾਰੇ ਨਾਲ ਵੀ ਕੀਰਤਨ ਦੇ ਪ੍ਰਮਾਣ ਮਿਲਦੇ ਹਨ। ਰਾਗ ਦਿਨ ਪ੍ਰਤੀ ਦਿਨ ਸਿੱਖ ਮਿਸਲਾਂ ਦੇ ਸਮੇਂ ਲੋਪ ਹੁੰਦਾ ਗਿਆ। ਇਹ ਵਿਕਾਸ ਦਾ ਇਕ ਅਨੁਮਾਨਿਤ ਜਿਹਾ ਲੇਖਾ ਹੈ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਇਕ ਹੋਰ ਜਤਨ ਵਿਚ ਸਾਹਿਤ ਦੇ ਰਸ ਸ਼ਾਸਤਰਾਂ ਦੀ ਵਿਧੀ ਦੀ ਵਰਤੋਂ ਕਰ ਕੇ ਇਹ ਦੇਖਣ ਦਾ ਜਤਨ ਕੀਤਾ ਸੀ ਕਿ ਗੁਰਬਾਣੀ ਬਾਰੇ ਜੋ ਇਹ ਭਰਮ ਹੈ ਕਿ ਗੁਰਮਤਿ ਦਾ ਆਦਰਸ਼

ਕੇਵਲ ਮਾਲਾਵਾਦੀ ਜਪ ਦੀ ਸ਼ਰਨ ਲੈਣਾ ਹੈ, ਕੀ ਇਹ ਸੱਚ ਹੈ ਅਤੇ ਕੀ ਗੁਰਬਾਣੀ ਰਸਾਤਮਕ ਆਦਰਸ਼ ਸ਼ਾਂਤ ਰਸ ਪ੍ਰਧਾਨ ਹੈ, ਜਿਸ ਦਾ ਜ਼ਿਕਰ ਆਮ ਕਰਕੇ ਸਾਡੇ ਕੁਝ ਕੀਰਤਨੀਏ ਕੀਤਾ ਕਰਦੇ ਹਨ? ਮੈਂ ਆਪਣੇ ਅਧਿਐਨ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਪਰਖ ਦਾ ਮਾਡਲ ਬਣਾਇਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਜਦ ਇਸ ਬਾਣੀ ਲਈ ਵਰਤੇ ਸਾਰੇ ਰਾਗ ਬੀਰ ਰਸ ਦੇ ਪੋਸ਼ਕ ਸਿੱਧ ਹੋਏ। ਇਸ ਤਰ੍ਹਾਂ ਦੇ ਅਧਿਐਨ ਹੋਰ ਵਧੇਰੇ ਵਧਾਏ ਜਾ ਸਕਦੇ ਹਨ। ਨਤੀਜੇ ਐਸੇ ਹੋਰ ਵੀ ਹੈਰਾਨ ਕਰਨ ਵਾਲੇ ਮਿਲਣਗੇ।

ਕੀਰਤਨ ਦੇ ਖੇਤਰ ਵਿਚ ਸਿੱਖ ਸੰਗੀਤ ਨਾਲ ਜੁੜੀਆਂ ਨਵੀਆਂ ਖੋਜਾਂ ਅਤੇ ਸੁਰ ਲਿਪੀ ਗਿਆਨ ਦਾ ਦੌਰ ਆ ਗਿਆ ਅਤੇ ਗੁਰਪਰਵਾਸੀ ਪ੍ਰੋ: ਤਾਰਾ ਸਿੰਘ ਦੇ ਸਿਖਿਆਰਥੀ ਇਸ ਖੇਤਰ ਵਿਚ ਹਨ। ਯੂਨੀਵਰਸਿਟੀਆਂ ਸਿੱਖ ਸੰਗੀਤ ਦੀ ਖੋਜ ਵਿਚ ਦਿਲਚਸਪੀ ਲੈਣ ਲੱਗੀਆਂ ਹਨ। ਸਿੱਖ ਸੰਗੀਤ ਅਤੇ ਸਿੱਖ ਕੀਰਤਨ ਦੀ ਹਸਤੀ ਨੂੰ ਉਸ ਦੀ ਪਛਾਣ ਦੇਣ ਦੁਆਣ ਲਈ ਲੱਕ ਬੰਨ੍ਹ ਲੈਣ। ਇਸ ਤਰ੍ਹਾਂ ਮੇਰੇ ਜਿਹੇ ਅਨਾੜੀਆਂ ਦੀ ਸੰਭਵ ਹੈ, ਘਾਲ ਥਾਇ ਪੈ ਜਾਵੇਗੀ

*ਸਹਾਇਕ ਪੁਸਤਕਾਂ*


1. ਰਾਨਾਡੇ, ਜੀ ਐਚ ਹਿੰਦੁਸਤਾਨੀ ਮਿਊਜ਼ਿਕ, ਸਾਂਗਲੀ, ੧੯੩੯ ਪੰਨ ੧
2. ਯਜੁਰਵੇਦ ੯, ੧
3. ਬੁਜ਼ਾਂਕੁਆਂ ਡਾ. ਗਿਫੋਰਡ ਲੈਕਚਰਜ਼, ੧੯੧੨, ਪੰਨਾ ੭੯
4. ਰਾਨਾਡੇ ਉਪਰ ਦਸਿਆ ਗਿਆ ਪੰਨਾ
5. ਉਹੀ ਪੰਨਾ ੧੯
6. ਭਾਈ ਸਾਹਿਬ ਭਾਈ ਵੀਰ ਸਿੰਘ, ਡੀ ੳ ਐਲ ਕਲਗੀਧਰ ਚਮਤਕਾਰ, ਭਾਗ ੧, ਅੰਮ੍ਰਿਤਸਰ, ੧੯੪੮, ਪੰਨਾ ੩੬੫-੭੫
7 ਨਉ ਨਿਧਿ, ਸੰਪਾ: ਪ੍ਰੀਤਮ ਸਿੰਘ ਪ੍ਰੋ:, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੭੬ ਪੰਨੇ ੨੪-੪੫
8. ਮੁਖਰਜੀ, ਰਾਧਾ ਕਮਲ (ਡਾ.) ਵਿਚਾਰ ਔਰ ਵਿਭੂਮੀਆਂ, ਲਖਨਊ, ਪੰਨਾ ੪੦


---

*ਪ੍ਰਤਿਕਾ 'ਗੁਰਮਤਿ ਪ੍ਰਕਾਸ਼' ਵਿਚੋਂ ਧੰਨਵਾਦ ਸਹਿਤ*

# ਗੁਰਮਤਿ ਸੰਗੀਤ ਟਕਸਾਲ ਦੋਧਰ

## ਗੁਰਜੰਤ ਸਿੰਘ ਰਾਹੀ

ਅੱਖਰੀ ਅਰਥਾਂ ਵਿਚ ਟਕਸਾਲ ਉਸ ਫੈਕਟਰੀ, ਕਾਰਖਾਨੇ ਜਾਂ ਵਰਕਸ਼ਾਪ ਨੂੰ ਕਿਹਾ ਜਾਂਦਾ ਹੈ, ਜਿਥੇ ਕਿਸੇ ਮੁਲਕ ਦੀ ਕਰੰਸੀ (ਸਿੱਕੇ) ਘੜੇ ਜਾਂਦੇ ਹਨ। ਅੱਜ ਭਾਵੇਂ ਕਰੰਸੀ ਕਾਗਜ਼ੀ ਹੋਣ ਕਰਕੇ ਪ੍ਰੈਸ ਵਿਚ ਛਾਪੀ ਜਾਂਦੀ ਹੈ। ਪੁਰਾਣੇ ਸਮੇਂ ਵਿਚ ਸਿੱਕੇ ਸੋਨੇ, ਚਾਂਦੀ, ਪਿੱਤਲ, ਤਾਂਬੇ ਆਦਿ ਸ਼ੁਧ ਧਾਤ ਦੇ ਹੁੰਦੇ ਸਨ। ਟਕਸਾਲ ਦੇ ਘੜੇ ਸਿੱਕੇ ਦੀ ਸ਼ੁੱਧਤਾ ਸਹੀ ਮੰਨੀ ਜਾਂਦੀ ਸੀ। ਕਿਉਂਕਿ ਉਥੇ ਘੜਨ ਵਾਲੇ ਪੂਰਨ ਪੁਰਖ ਆਪਣੇ ਕਿੱਤੇ ਦੇ ਮਾਹਰ ਅਤੇ ਨਿਗਰਾਨ ਆਪਣੇ ਕੰਮ ਪ੍ਰਤੀ ਸਮਰਪਤ ਭਾਵਨਾ ਵਾਲੇ ਹੁੰਦੇ ਸਨ। ਇਸ ਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਆਖਰੀ ਪਉੜੀ ਵਿਚ ਕੀਤੀ ਹੈ। ***ਘੜੀਐ ਸਬਦ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥***

ਜਿਹੜਾ ਸਿੱਕਾ ਟਕਸਾਲ ਦੀਆਂ ਕਸਵੱਟੀਆਂ ਤੇ ਪੂਰਾ ਉਤਰਦਾ ਗਿਆ ਉਸਦੇ ਸਾਰੇ ਖੋਟ ਖਤਮ ਹੋ ਗਏ ਅਤੇ ਪੂਰਨ ਸ਼ੁਧ ਹੋ ਗਿਆ। ਟਕਸਾਲ ਦੀ ਮੋਹਰ ਨੇ ਉਸਦੀ ਸ਼ੁੱਧਤਾ ਦੀ ਤਸਦੀਕ ਕਰ ਦਿੱਤੀ। ਹੁਣ ਉਸਨੂੰ ਬਾਰ ਬਾਰ ਪਰਖਣਾ ਨਹੀਂ ਪੈਂਦਾ। ਟਕਸਾਲ ਦੀ ਮੋਹਰ ਉਸਦੀ ਸ਼ੁਧਤਾ ਦਾ ਸਬੂਤ ਹੈ। ਇਸੇ ਤਰ੍ਹਾਂ ਗੁਰੂ ਦੀ ਸ਼ਰਨ ਵਿਚ ਸੰਗਤ ਰੂਪੀ ਟਕਸਾਲ ਵਿਚ ਜਿਹੜੇ ਹਿਰਦੇ ਗੁਰੂ ਦੇ ਪਿਆਰ ਵਿਚ ਭਿੱਜਦੇ ਹਨ ਸ਼ਬਦ ਦੀ ਕਮਾਈ ਕਰਦਿਆਂ ਗੁਰੂ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ ਉਨ੍ਹਾਂ ਉਪਰ ਗੁਰੂ ਦੀ ਮਿਹਰ ਭਰੀ ਨਦਰ ਹੁੰਦੀ ਹੈ। ਉਹ ਗੁਰਮਤਿ ਟਕਸਾਲ ਵਿਚੋਂ ਗੁਰਮੁਖ ਹੋ ਕੇ ਨਿਕਲਦੇ ਹਨ ਜੋ ਗੁਰੂ ਦੇ ਦਰ ਤੇ ਪ੍ਰਵਾਣ ਚੜ੍ਹਦੇ ਹਨ।

ਏਸੇ ਤਰ੍ਹਾਂ ਗੁਰਮਤਿ ਸੰਗੀਤ ਇਲਾਹੀ ਬਾਣੀ ਰੱਬੀ ਬਾਣੀ, ਧੁਰ ਕੀ ਬਾਣੀ, ਖਸਮ ਕੀ ਬਾਣੀ, ਮਹਾਂਪੁਰਖ ਕੀ ਬਾਣੀ, ਗੁਰੂ ਬਾਣੀ, ਨੂੰ ਸਮੇਂ ਅਤੇ ਸਥਾਨ ਦੇ ਰਾਗ ਅਤੇ ਢੰਗ ਨਾਲ ਗਾਉਣ ਨੂੰ ਗੁਰਮਤਿ ਸੰਗੀਤ ਜਾਂ ਕੀਰਤਨ ਕਿਹਾ ਜਾਂਦਾ ਹੈ। ਜਿਸ ਦੀ ਸ਼ੁਰੂਆਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਸੰਗਤ ਨਾਲ 19 ਰਾਗਾਂ ਵਿਚ ਵੱਖਰੇ ਵੱਖਰੇ ਸਮੇਂ ਸਥਾਨਾਂ ਮੌਕਿਆਂ ਅਤੇ ਲੋਕਾਂ ਲਈ ਉਚਾਰੀ ਬਾਣੀ ਦਾ ਖੁਦ ਆਪ ਗਾਇਨ ਕੀਤਾ। ਇਸ ਨੂੰ ਬਾਅਦ ਵਿਚ ਅਗਲੇ ਗੁਰੂ ਸਾਹਿਬਾਨ ਨੇ ਇਸ ਪ੍ਰਵਾਹ ਨੂੰ ਅੱਗੇ ਤੋਰਿਆ। ਇਸ ਵਿਚ ਗੁਰੂ ਵਿਅਕਤੀਆਂ ਦੇ ਨਾਲ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਮਿਰਾਸੀ ਨੂੰ ਭਾਈ ਮਰਦਾਨਾ ਦੀ ਪਦਵੀ ਦੇ ਕੇ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਅਤੇ ਰਾਗ ਦਾ ਤੱਤ ਸਾਰ ਸਮਝਾਇਆ। ਇਸ ਪ੍ਰਥਾ ਨੂੰ ਅੱਗੇ ਤੋਰਦੇ ਹੋਏ ਰਬਾਬੀ ਭਾਈ ਰਜ਼ਾਦਾ, ਭਾਈ ਸਹਿਜ਼ਾਦਾ, ਭਾਈ ਸੱਤਾ, ਭਾਈ ਬਲਵੰਡ, ਭਾਈ ਬਾਬਕ, ਭਾਈ ਸਦੂ ਮਦੂ ਆਦਿਕ ਰਬਾਬੀਆਂ ਨੇ ਗੁਰਮਤਿ ਸੰਗੀਤ ਨੂੰ ਡੂੰਘਾਈ ਤਕ ਸਮਝਿਆ ਅਤੇ ਸਿੱਖ ਸੰਗਤਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬਾਨ ਨੇ ਖੁਦ ਬਹੁਤ ਸਾਰੇ ਰਾਗ ਅਤੇ ਤਾਲ ਪੜਤਾਲ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਦਾ ਘੇਰਾ ਹੋਰ ਵਿਸ਼ਾਲ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦਾ ਨਿਰੰਤਰ ਪ੍ਰਵਾਹ ਚਲਾ ਕੇ ਇਸ ਕੀਰਤਨ ਕਲਾ ਨੂੰ ਨਿਰਾ ਰਬਾਬ ਤੱਕ ਸੀਮਤ ਨਾ ਰੱਖ ਕੇ ਆਮ ਸਿੱਖਾਂ ਲਈ ਕੀਰਤਨ ਦੀ ਬਖਸ਼ਿਸ ਕਰਕੇ ਗੁਰੂ ਕੇ ਕੀਰਤਨੀਏ ਹੋਣ ਦਾ ਮਾਣ ਬਖਸ਼ਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਕੀਰਤਨੀਏ ਭਾਈ ਬਲਵੰਡ ਦੀ ਪੰਦਰ੍ਹਵੀਂ ਪੀੜ੍ਹੀ ਵਿਚ ਭਾਈ ਚਾਂਦ ਨਾਮੀ ਰਬਾਬੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਹੋਇਆ, ਜੋ ਆਪਣੇ ਸਮੇਂ ਦੇ ਮਹਾਨ ਸੰਗੀਤਕਾਰ ਸਨ। ਜਿਥੇ ਭਾਈ ਚਾਂਦ ਧਰੁਪਦ ਧਮਾਰ, ਖਿਆਲ ਅਤੇ ਪੜਤਾਲ ਗਾਉਣ ਵਿਚ ਮੁਹਾਰਤ ਰੱਖਦਾ ਸੀ ਉਥੇ ਹੀ ਉਹ ਰਬਾਬ, ਸਰੰਦਾ, ਤਾਉਸ, ਦਿਲਰੁਬਾ ਅਤੇ ਪਖਾਵਜ ਵਾਦਨ ਵਿਚ ਵੀ ਨਿਪੁੰਨ ਸੀ। ਜਿਲ੍ਹਾ ਰਾਵਲਪਿੰਡੀ ਦੇ ਇਕ ਗੁਰਮੁਖ ਸਿੰਘ ਨਾਮੀ ਬੱਚੇ ਨੂੰ ਭਾਈ ਚਾਂਦ ਨੇ ਆਪਣਾ ਸ਼ਾਗਿਰਦ ਬਣਾਇਆ ਅਤੇ ਕਈ ਸਾਲਾਂ ਦੀ ਸਿੱਖਿਆ ਅਤੇ ਸ਼ਗਿਰਦ ਦਾ ਕਠਨ ਰਿਆਜ਼ ਅਤੇ ਗੁਰੂ ਦੀ ਮਿਹਰ ਮਿਲ ਕੇ ਪੂਰਨਤਾ ਦੀ ਸਿਰਜਨਾ ਕਰਦੇ ਹਨ। ਭਾਈ ਗੁਰਮੁਖ ਸਿੰਘ ਸਾਲਾਂ ਬੱਧੀ ਕਰੜੀ ਮਿਹਨਤ ਕਰਕੇ ਆਪਣੇ ਉਸਤਾਦ ਵਾਂਗ ਗਾਇਨ ਅਤੇ ਵਾਦਨ ਵਿਚ ਨਿਪੁੰਨ ਹੋ ਗਏ। ਪਾਕਿਸਤਾਨ ਵਾਲੇ ਪੰਜਾਬ ਵਿਚ ਆਪ

ਦੀ ਸਿੱਖ ਸੰਗਤਾਂ ਵਿਚ ਚੰਗੀ ਪਹਿਚਾਣ ਅਤੇ ਸਤਿਕਾਰ ਬਣ ਗਿਆ ਸੀ। ਭਾਈ ਗੁਰਮੁਖ ਸਿੰਘ ਆਪਣੇ ਗੁਰੂ ਦੀ ਆਗਿਆ ਅਨੁਸਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਸਿੱਖ ਸੰਗਤਾਂ ਵਿਚ ਵਿਚਰਨ ਲੱਗੇ। ਪ੍ਰਾਲਬਧ (ਦਾਣਾ ਪਾਣੀ) ਦੇ ਅਨੁਸਾਰ ਭਾਈ ਗੁਰਮੁਖ ਸਿੰਘ ਪਿੰਡ ਦੋਧਰ ਜਿਲ੍ਹਾ ਲੁਧਿਆਣਾ ਆ ਗਏ, ਜਿਸ ਡੇਰੇ ਦੇ ਮਹੰਤ ਬਾਬਾ ਸੁਧ ਸਿੰਘ ਜੀ ਸਨ। ਜੋ ਕਿ ਗੁਰਮੁਖ ਜੀਵਨ ਵਾਲੇ ਸਨ। ਬਾਬਾ ਸੁਧ ਸਿੰਘ ਜੀ ਦੇ ਆਤਮਕ ਪ੍ਰਭਾਵ ਅਤੇ ਗੁਰਮੁਖ ਸਿੰਘ ਦੇ ਕੀਰਤਨ ਸਦਕਾ ਦੋਹਾਂ ਦਾ ਪਿਆਰ ਬਣ ਗਿਆ। ਪਿਆਰ ਐਸਾ ਬਣਿਆ ਕਿ ਗੁਰਮੁਖ ਸਿੰਘ ਜੀ ਇਥੇ ਦੋਧਰ ਹੀ ਟਿਕ ਗਏ। ਮਾਲਵੇ ਦੀ ਖੁਸ਼ਕ ਧਰਤੀ ਨੂੰ ਗੁਰਮਤਿ ਸੰਗੀਤ ਰਾਹੀਂ ਸਰ ਸਬਜ ਕਰਨ ਲੱਗੇ। ਗੁਰਮਤਿ ਸੰਗੀਤ ਦਾ ਐਸਾ ਸਦਾ ਬਰਤ ਲਾਇਆ ਜਿਸ ਵਿਚ ਅਣਗਿਣਤ ਜਗਿਆਸੂ ਆਪਣੇ ਆਪਣੇ ਭਾਗਾਂ ਅਨੁਸਾਰ ਪਾਤਰ ਬਣ ਕੇ ਸਿੱਖਿਆ ਪ੍ਰਾਪਤ ਕਰਦੇ ਰਹੇ।

ਜਿਨ੍ਹਾਂ ਵਿਚੋਂ ਚਾਰਾਂ ਦੇ ਨਾਂ ਵਿਸ਼ੇਸ਼ ਹਨ:

1. ਭਾਈ ਖੁਸ਼ਹਾਲ ਸਿੰਘ – ਜਿਨ੍ਹਾਂ ਨੇ ਸਿੰਘਾਂ ਵਾਲਾ ਵਿਦਿਆਲਾ ਸ਼ੁਰੂ ਕੀਤਾ।
2. ਭਾਈ ਬੁਧ ਸਿੰਘ ਜੀ
3. ਭਾਈ ਕਾਨ ਸਿੰਘ ਔਲਕੀ ਵਾਲੇ ਜਿਲ੍ਹਾ ਫਰੀਦਕੋਟ
4. ਭਾਈ ਵੀਰ ਸਿੰਘ ਜੀ

ਭਾਈ ਖੁਸ਼ਹਾਲ ਸਿੰਘ ਜੀ ਦੇ ਸ਼ਾਗਿਰਦਾਂ ਵਿਚ ਭਾਈ ਜੈਮਲ ਸਿੰਘ ਭਾਈ ਉਜਾਗਰ ਸਿੰਘ ਘੋਲੀਏ ਵਾਲੇ ਅਤੇ ਭਾਈ ਨਰੋਤਮ ਸਿੰਘ ਹੋਏ।

ਭਾਈ ਜੈਮਲ ਸਿੰਘ ਦੇ ਸ਼ਾਗਿਰਦ ਭਾਈ ਪੂਰਨ ਸਿੰਘ, ਭਾਈ ਸੁੱਚਾ ਸਿੰਘ ਅਤੇ ਉਸਤਾਦ ਭਾਈ ਜਸਵੰਤ ਸਿੰਘ ਕੁਲਾਰ ਹੋਏ।

ਭਾਈ ਕਰਤਾ ਸਿੰਘ ਦੇ ਭਾਈ ਲਾਲ ਸਿੰਘ ਜੋੜੀ ਵਾਲੇ ਮਸ਼ਹੂਰ ਹੋਏ।

ਭਾਈ ਉਜਾਗਰ ਸਿੰਘ ਘੋਲੀਏ ਵਾਲਿਆਂ ਦੇ ਗਿਆਨੀ ਗੁਰਦਿਆਲ ਸਿੰਘ ਰਤੀਏ ਵਾਲੇ ਅਤੇ ਭਾਈ ਹਰਬੰਸ ਸਿੰਘ ਗੋਂਦੇ ਵਾਲੇ ਵਿਸ਼ੇਸ਼ ਸਨ।

ਦਸਿਆ ਗਿਆ ਹੈ ਕਿ ਭਾਈ ਖੁਸ਼ਹਾਲ ਸਿੰਘ ਜੀ ਆਸਾ ਦੀ ਵਾਰ ਦੀ ਪੌੜੀ ਟੁੰਡੇ ਅਸਰਾਜੇ ਦੀ ਵਾਰ ਕੀ ਧੁਨੀ ਉਪਰ ਗਾਇਆ ਕਰਦੇ ਸਨ।

ਭਾਈ ਅਟਜਨ ਸਿੰਘ ਨਾਂਗਾ ਆਪਣੇ ਸਮੇਂ ਦੇ ਪ੍ਰਸਿੱਧ ਪਖਾਵਜੀ ਸੀ।

ਇਕ ਵਾਰ ਭਾਈ ਖੁਸ਼ਹਾਲ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਰਾਗ ਗਉੜੀ ਪੰਜ ਤਾਲ ਦੀ ਸਵਾਰੀ ਤਾਲ ਵਿਚ ਗਾਇਆ ਬੰਦਸ਼ ਐਸੀ ਸੀ ਕਿ ਭਾਈ ਅਰਜਨ ਸਿਘ ਪਖਾਵਜੀ ਨੂੰ ਸਮ ਹੀ ਨਾ ਲੱਭ ਸਕਿਆ।

ਭਾਈ ਵੀਰ ਸਿੰਘ ਦੋਧਰ ਡੇਰੇ ਦੇ ਮਹੰਤ ਬਣੇ ਜਿਨ੍ਹਾਂ ਦੇ ਸ਼ਾਗਿਰਦਾਂ ਵਿਚ ਭਾਈ ਸੇਵਾ ਸਿੰਘ, ਸੰਤ ਦਲ ਸਿੰਘ ਲਸਾੜੇ ਵਾਲੇ, ਭਾਈ ਵਜ਼ੀਰ ਸਿੰਘ ਜੋੜੀ ਵਾਲੇ ਅਤੇ ਭਾਈ ਭੋਲਾ ਸਿੰਘ ਤੇ ਕੇਸਰ ਸਿੰਘ ਹੋਏ। ਦੋਧਰ ਟਕਸਾਲ ਨੇ ਪੰਥ ਨੂੰ ਬੜੇ ਬੜੇ ਵਿਦਵਾਨ ਰਾਗੀ ਤਬਲਾ ਵਾਦਕ ਦਿੱਤੇ ਜੋ ਸਮੇਂ ਦੀ ਗਰਦਿਸ਼ ਵਿਚ ਹੀ ਗੁਆਚ ਗਏ। ਜਿਨ੍ਹਾਂ ਬਾਰੇ ਲਿਖਤੀ ਕੁਝ ਵੀ ਨਹੀਂ ਮਿਲਦਾ। ਦੋਧਰ ਦੀ ਟਕਸਾਲ ਵਿਚ ਜ਼ਿਆਦਾਤਰ ਸੂਰਮੇ (ਅੰਨ੍ਹੇ) ਰਾਗੀ ਹੀ ਮਸ਼ਹੂਰ ਹੋਇਆ ਕਰਦੇ ਸਨ। ਇਸ ਦਾ ਕਾਰਨ ਇਹ ਹੈ ਕਿ ਜੇ ਕਿਸੇ ਦੀਆਂ ਅੱਖਾਂ ਦੀ ਰੋਸ਼ਨੀ ਗਵਾਚ ਜਾਂਦੀ ਤਾਂ ਉਸ ਵੇਲੇ ਨਾ ਤਾਂ ਅੱਜ ਵਰਗੇ ਇਲਾਜ ਸਨ ਅਤੇ ਨਾ ਹੀ ਸਾਧਨ। ਅੰਨੇ ਆਦਮੀ ਲਈ ਇਕ ਹੀ ਸਹਾਰਾ ਸੀ ਦੋਧਰ ਟਕਸਾਲ। ਘਰ ਵਾਲੇ ਅੰਨੇ ਬੱਚੇ ਨੂੰ ਦੋਧਰ ਟਕਸਾਲ ਚੜ੍ਹਾ ਆਉਂਦੇ ਸਨ। ਜਿਥੇ ਉਹ ਰਾਗ ਵਿੱਦਿਆ ਵਿਚ ਪ੍ਰਬੀਨ ਹੋ ਜਾਂਦਾ ਅਤੇ ਆਪਣੀ ਜ਼ਿੰਦਗੀ ਦਾ ਨਿਰਬਾਹ ਕਰ ਲੈਂਦਾ। ਵੇਖਣ ਵਿਚ ਆਇਆ ਕਿ ਅੱਜ ਤੋਂ 4-5 ਦਹਾਕੇ ਪਹਿਲਾਂ ਸੂਰਮੇ ਰਾਗੀਆਂ ਦੀ ਗਿਣਤੀ ਜ਼ਿਆਦਾ ਸੀ ਜੋ ਕਿ ਜ਼ਿਆਦਾਤਰ ਦੋਧਰ ਟਕਸਾਲ ਦੇ ਹੀ ਸਿੱਖੇ ਹੋਏ ਸਨ। ਜਿਨ੍ਹਾਂ ਵਿਚ ਭਾਈ ਲਛਮਣ ਸਿੰਘ ਗੰਧਰਬ, ਗਿਆਨੀ ਮਾਲਾ ਸਿੰਘ ਫਰੀਦਕੋਟ, ਭਾਈ ਪਿਆਰਾ ਸਿੰਘ ਆਲਮਗੀਰ, ਭਾਈ ਸਾਧੂ ਸਿੰਘ ਲੀਡਰ, ਭਾਈ ਪ੍ਰੀਤਮ ਸਿੰਘ, ਭਾਈ ਪਿਆਰਾ ਸਿੰਘ ਪਖਾਵਜੀ, ਭਾਈ ਸੋਹਣ ਸਿੰਘ ਜਤੀ, ਭਾਈ ਪ੍ਰੇਮ ਸਿੰਘ ਪਤੰਗਾ, ਭਾਈ ਜਸਵੰਤ ਸਿੰਘ ਤੀਬਰ ਆਦਿ ਸਾਰੇ ਦੋਧਰ ਟਕਸਾਲ ਦੇ ਮੁਢਲੇ ਵਿਦਿਆਰਥੀ ਹਨ। ਭਾਵੇਂ ਬਾਅਦ ਵਿਚ ਅਗੇਰੀ ਵਿੱਦਿਆ ਹੋਰ ਉਸਤਾਦਾਂ ਤੋਂ ਪ੍ਰਾਪਤ ਕੀਤੀ। ਰਾਗੀ ਸੁੱਚਾ ਸਿੰਘ ਸੰਗਰੂਰ ਅਤੇ ਭਾਈ ਕੰਵਲ ਸਿੰਘ ਕਪੂਰ ਸੰਗਰੂਰ ਵਾਇਲਨ ਅਤੇ ਬੰਸਰੀ ਵਾਦਨ ਵਿਚ ਨਿਪੁੰਨ ਸੀ। ਭਾਈ ਅਮਰੀਕ ਸਿੰਘ ਰਾਗੀ, ਜਸਵੰਤ ਸਿੰਘ ਤੀਬਰ ਜੀ ਦੇ ਸ਼ਾਗਿਰਦਾਂ ਵਿਚ ਭਾਈ ਕਰਮ ਸਿੰਘ ਨਿਹੰਗ, ਭਾਈ ਕੁਲਵੰਤ ਸਿੰਘ ਸੂਰਮਾ, ਭਾਈ ਮੁਕੰਦ ਸਿੰਘ ਤਬਲਾ ਵਾਦਕ, ਬਿੱਟੂ ਦੇ ਪਿਤਾ ਜੀ। ਭਾਈ ਅਜੀਤ ਸਿੰਘ ਸਤਰ (ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 70

ਪੰਨੇ ਯਾਦ ਸਨ।) ਇਸ ਕਰਕੇ ਸਾਰੇ ਸੱਤਰ ਕਹਿੰਦੇ ਹਨ। ਉਸਤਾਦ ਸੁਰਜੀਤ ਸਿੰਘ, ਇਨ੍ਹਾਂ ਨੂੰ ਲਾਲ ਸਿੰਘ ਧਨੌਲਾ, ਸ. ਕਰਮ ਸਿੰਘ ਰਸੀਆ, ਭਾਈ ਸਰਵਨ ਸਿੰਘ ਤਰਨਤਾਰਨ ਵਾਲੇ ਪ੍ਰੋ: ਭਾਗ ਸਿੰਘ ਸਹਾਰਨਪੁਰ ਅਤੇ ਮੁਖਤਿਆਰ ਸਿੰਘ ਮੁਖੀ ਆਦਿ ਸਨ।

***ਦੋਧਰ ਦੇ ਮੁਖੀ:*** ਬਾਬਾ ਸੁਧਾ ਸਿੰਘ, ਭਾਈ ਵੀਰ ਸਿੰਘ, ਭਾਈ ਮੰਗਲ ਸਿੰਘ, ਭਾਈ ਸੰਤਾ ਸਿੰਘ, ਭਾਈ ਉਜਾਗਰ ਸਿੰਘ ਤੇ ਮੌਜੂਦਾ ਭਾਈ ਲਖਵੀਰ ਸਿੰਘ ਜੀ ਹਨ। ਅੱਜ ਭਾਵੇਂ ਬਹੁਤ ਸਾਰੇ ਨਵੇਂ ਸੰਗੀਤ ਵਿਦਿਆਲੇ ਖੁੱਲ੍ਹ ਗਏ ਹਨ। ਲਿਖਣ ਸਿੱਖਣ ਦੇ ਨਵੇਂ ਤਰੀਕੇ ਹੋਣ ਕਰਕੇ ਜਾਂ ਡੇਰੇ ਦੇ ਮੁਖੀਆਂ, ਸਬੰਧਤ ਕਮੇਟੀਆਂ ਦੀ ਦਿਲਚਸਪੀ ਨਾ ਹੋਣ ਕਰਕੇ ਪਿਛਲੀ ਡੇਢ ਸਦੀ ਤੋਂ ਚਲੀ ਆ ਰਹੀ ਟਕਸਾਲ ਅੱਜ ਬੰਦ ਹੈ। ਦੋਧਰ ਟਕਸਾਲ ਅੱਜ ਸਿਰਫ ਇਕ ਡੇਰਾ ਹੋ ਕੇ ਰਹਿ ਗਈ ਹੈ। ਇਸ ਤੋਂ ਬਿਨਾਂ ਗੁਰਮਤਿ ਸੰਗੀਤ ਦੀ ਕੀਮਤੀ ਅਣਵੰਡੀ ਸਮੱਗਰੀ ਅਤੇ ਇਤਿਹਾਸ ਸਰੀਰਾਂ ਦੇ ਨਾਲ ਹੀ ਸੜ ਕੇ ਸੁਆਹ ਹੋ ਗਿਆ। ਲੋਕਾਂ ਨੇ ਸਾਰੀ ਜਿੰਦਗੀ ਗੁਰਮਤਿ ਸੰਗੀਤ ਨੂੰ ਸਮਰਪਤ ਕੀਤੀ ਉਨ੍ਹਾਂ ਦੇ ਅਣ-ਲਿਖਤ ਇਤਿਹਾਸ ਨੂੰ ਲਿਖਣ ਦਾ ਇਕ ਨਿਮਾਣਾ ਜਿਹਾ ਯਤਨ ਹੈ ਕਿਉਂ ਕਿ ਜਿਨ੍ਹਾਂ ਨੂੰ ਇਹ ਯਾਦ ਹੈ ਉਹ ਵੀ ਜ਼ਿੰਦਗੀ ਦੇ ਆਖਰੀ ਪੜਾ ਦੇ ਮੁਸਾਫਰ ਹਨ। ਆਪਣੀ ਵਿਰਾਸਤ ਨੂੰ ਅਗਲੀ ਪੀੜ੍ਹੀ ਤਕ ਪਹੁਚਾਉਣ ਦਾ ਅਪਾਣਾ ਫਰਜ਼ ਦੀ ਅਦਾਇਗੀ ਹੈ ਇਹ ਸਾਰਾ ਕੁਝ ਨਹੀਂ ਇਕ ਸ਼ੁਰੂਆਤ ਹੈ।

***ਸਿੰਘਾ ਵਾਲਾ ਵਿਦਿਆਲਾ:***

ਇਹ ਵਿਦਿਆਲਾ ਦੋਧਰ ਟਕਸਾਲ ਦੀ ਇਕ ਸ਼ਾਖ ਸੀ। ਸਿੰਘਾ ਵਾਲਾ ਮੋਗਾ ਦੇ ਨੇੜੇ ਇਕ ਪਿੰਡ ਹੈ।

ਬਾਬਾ ਖੁਸ਼ਹਾਲ ਸਿੰਘ ਦੋਧਰ ਵਾਲਿਆਂ ਦੇ ਸ਼ਾਗਿਰਦ ਭਾਈ ਕਾਨ੍ਹ ਸਿੰਘ ਦੇ ਸ਼ਾਗਿਰਦ ਭਾਈ ਰਾਮ ਸਿੰਘ, ਸੁੰਦਰ ਸਿੰਘ, ਜਗਤ ਸਿੰਘ ਪਖਾਵਜੀ ਅਤੇ ਬਾਅਦ ਵਿਚ ਭਾਈ ਪ੍ਰਤਾਪ ਸਿੰਘ ਨੇ ਸਿੰਘਾਂ ਵਾਲਾ ਵਿਖੇ ਵਿਦਿਆਲਾ ਚਲਾਇਆ।

ਗੁਰਮਤਿ ਸੰਗੀਤ ਵਿਚ ਪਿਛਲੀ ਅੱਧੀ ਸਦੀ ਦਾ ਇਤਿਹਾਸ ਦੱਸਦਾ ਹੈ ਕਿ ਸਿੰਘਾਂ ਵਾਲੇ ਵਿਦਿਆਲੇ ਨੇ ਗੁਰਬਾਣੀ ਕੀਰਤਨ ਨੂੰ ਉਚ ਪੱਧਰ ਦੇ ਕੀਰਤਨੀਏ ਅਤੇ ਵਿਸ਼ੇਸ਼ਕਰ ਤਬਲਾ ਵਾਦਕ ਦਿਤੇ। ਜਿਨ੍ਹਾਂ ਵਿਚ ਭਾਈ ਸਰੂਪ ਸਿੰਘ, ਭਾਈ ਦਲੀਪ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਸੁਖਚੈਨ ਸਿੰਘ ਸੂਰਮਾ, ਭਾਈ ਸੰਤੋਖ ਸਿੰਘ ਅਤੇ ਭਾਈ ਤਰਲੋਕ ਸਿੰਘ ਰੇਡੀਓ ਸਟੇਸ਼ਨ ਸ਼ਿਮਲਾ ਆਦਿ ਦੇ ਨਾਂ ਜ਼ਿਕਰਯੋਗ ਹਨ। ਸਿੰਘਾਂ ਵਾਲੇ ਵਿਦਿਆਲਿਓਂ ਸਿੱਖੇ ਵਿਦਿਆਰਥੀ ਦੁਨੀਆ ਦੀ ਚਕਾਚੌਂਧ ਵਿਚ ਐਸੇ ਗੁਆਚੇ ਕਿ ਇਨ੍ਹਾਂ ਵੀ ਪਿੱਛੇ ਸਿੰਘਾਂ ਵਾਲੇ ਮੁੜ ਝਾਤ ਨਾ ਪਾਈ। ਡੇਰਾ ਕਮੇਟੀ ਦੇ ਹੱਥ ਆ ਗਿਆ। ਵਿਦਿਆਲਾ ਬੰਦ ਹੋ ਗਿਆ। ਅੱਜ ਤਾਂ ਪਿੰਡ ਦੇ ਲੋਕ ਇਹ ਵੀ ਨਹੀਂ ਜਾਣਦੇ ਕਿ ਇਸ ਪਿੰਡ ਵਿਚ ਕਦੇ ਵਿਦਿਆਲਾ ਸੀ ਅਤੇ ਇਸ ਵਿਦਿਆਲੇ ਦੇ ਸਿੱਖੇ ਤਬਲਾ ਵਾਦਕਾਂ ਦੇ ਤਬਲੇ ਦੀ ਥਾਪ ਜਿਥੇ ਕੀਰਤਨ ਦਰਬਾਰਾਂ, ਵਿਦੇਸ਼ਾਂ, ਰੇਡੀਓ ਸਟੇਸ਼ਨਾਂ ਅਤੇ ਫਿਲਮਾਂ ਤਕ ਗੂੰਜ ਰਹੀ ਹੈ, ਪਰ ਸਿੰਘਾਂ ਵਾਲਾ ਇਸ ਸਭ ਕੁਝ ਤੋਂ ਬੇਖ਼ਬਰ ਹੈ।

---

*ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਨਕਿਆਣਾ ਸਾਹਿਬ ਰੋਡ, ਸੰਗਰੂਰ*

# ਕਥਿਉ ਅਕਥ ਕਹਾਣੀ

ਤਿਰਲੋਕ ਸਿੰਘ ਸੂਰੀ

ਗੁਰੂ ਅਮਰਦਾਸ ਜੀ ਦੇ ਹੁਕਮ ਮੁਤਾਬਕ ਦਾਸ ਉਸ ਅਕੱਥ ਕਹਾਣੀ ਨੂੰ ਹੀ ਕਥਨ ਦਾ ਇਕ ਤੁਛ ਜਿਹਾ ਹੀਲਾ ਕਰ ਰਿਹਾ ਹੈ। ਵਾਹਿਗੁਰੂ ਜੀ ਅੱਗੇ ਅਰਦਾਸ ਬੇਨਤੀ ਹੈ ਕਿ ਉਹ ਦਾਸ ਦੀ ਸਹਾਇਤਾ ਕਰਨ।

ਅੱਜ ਕਲ੍ਹ ਇਨਸਾਨ ਸਾਇੰਸ ਦੀਆਂ ਖੋਜਾਂ ਤੇ ਆਦਮੀ ਦੀ ਅਕਲ ਨੂੰ ਸਭ ਕੁਝ ਸਮਝ ਬੈਠਾ ਹੈ। ਸਭ ਤੋਂ ਪਹਿਲਾਂ ਇਸ ਭੁਲੇਖੇ ਨੂੰ ਸਮਝੀਏ ਕਿ ਸਾਇੰਸ ਅਤੇ ਵਾਹਿਗੁਰੂ ਇਕ ਦੂਜੇ ਦੇ ਮੁਕਾਬਲੇ ਤੇ ਨਹੀਂ ਪ੍ਰੰਤੂ ਇਕ ਤਾਂ ਕਰਤਾ ਤੇ ਦੂਜੀ ਉਸਦੀ ਕ੍ਰਿਤ ਹੈ। ਕ੍ਰਿਤ ਕਰਤੇ ਦੇ ਸਾਹਮਣੇ ਕੁਝ ਵੀ ਨਹੀਂ ਹੁੰਦੀ ਭਾਵੇਂ ਕਿਤਨੀ ਵੀ ਵੱਡੀ ਕਿਉਂ ਨਾ ਹੋਵੇ। ਸਾਰੀਆਂ ਸਾਇੰਸਾਂ-ਕੈਮਿਸਟਰੀ, ਫਿਜ਼ਿਕਸ, ਬਾਟਨੀ, ਜ਼ੁਆਲੋਜੀ ਭਾਵ ਸਾਰੀਆਂ ਸਾਇੰਸਾਂ ਉਸ ਵਾਹਿਗੁਰੂ ਜੀ ਨੇ ਹੀ ਬਣਾਈਆਂ ਹਨ। ਸਾਇੰਸਦਾਨ ਤਾਂ ਵਿਚਾਰਾ ਉਸ ਕਰਤੇ ਦੀ ਕ੍ਰਿਤ ਨੂੰ ਲੱਖਾਂ ਸਾਲਾਂ ਤੋਂ ਸਮਝਣ ਦੀ ਹੀ ਕੋਸ਼ਿਸ ਕਰ ਰਿਹਾ ਹੈ। ਜੇ ਕਿਤੇ ਰੱਤੀ ਭਰ ਕੁਝ ਲੱਭ ਲੈਂਦਾ ਹੈ ਤਾਂ ਉਸਨੂੰ ਵੱਡੇ ਵੱਡੇ ਇਨਾਮ ਮਿਲਦੇ ਹਨ, ਜਿਵੇਂ ਕਿ ਦੁਨੀਆ ਦਾ ਸਭ ਤੋਂ ਵੱਡਾ ਨੋਬਲ ਪ੍ਰਾਈਜ ਆਦਿ। ਪਰ ਇਸ ਖੋਜ ਨੂੰ ਫਿਰ ਵਾਹਿਗੁਰੂ ਦੀ ਸਾਜੀ ਹੋਈ ਲੁਕਾਈ ਵਾਸਤੇ ਹੀ ਵਰਤਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਸਮਝੀਏ ਕਿ ਸਾਇੰਸਦਾਨ ਵਾਹਿਗੁਰੂ ਜੀ ਦਾ ਇਕ ਭਗਤ ਹੀ ਹੁੰਦਾ ਹੈ।

ਸਭ ਤੋਂ ਪਹਿਲਾਂ ਇਹ ਸਮਝਣ ਦੀ ਕੋਸ਼ਿਸ਼ ਕਰੀਏ ਕਿ ਕਦੀ ਵੀ ਕੋਈ ਚੀਜ਼ ਆਪਣੇ ਆਪ ਨਹੀਂ ਬਣ ਸਕਦੀ ਹੈ। ਕੀ ਇਕ ਮਾਮੂਲੀ ਚੀਜ਼ ਜਿਵੇਂ ਕਿ ਬੋਤਲ ਦਾ ਇਕ ਢੱਕਣ ਜਾਂ ਮਿੱਟੀ ਵਿਚ ਦੱਬੀ ਹੋਈ ਮਿੱਟੀ ਦੀ ਇਕ ਠੀਕਰੀ ਕਦੀ ਆਪਣੇ ਆਪ ਬਣੀਆਂ ਹਨ। ਜਦੋਂ ਸਾਇੰਸਦਾਨ ਪੁਰਾਣੀਆਂ ਸਭਿਅਤਾਵਾਂ ਨੂੰ ਲੱਭਣ ਵਾਸਤੇ ਜ਼ਮੀਨ ਦੀ ਖੁਦਾਈ ਕਰਦੇ ਹਨ ਤੇ ਜੇ ਕਿਧਰੋਂ ਇਕ ਮਿੱਟੀ ਦੇ ਬਣੇ ਭਾਂਡੇ ਦੀ ਇਕ ਠੀਕਰੀ ਮਿਲ ਜਾਂਦੀ ਹੈ ਤੇ ਸਾਇੰਸਦਾਨ ਇਹ ਖੋਜ ਕਰਦੇ ਹਨ ਕਿ ਇਹ ਕਿਤਨੀ ਸਦੀਆਂ ਪੁਰਾਣੀ ਹੈ। ਉਸ ਵਕਤ ਸਭਿਅਤਾ ਕਿਸ ਸਤਰ ਤੇ ਸੀ ਨਾ ਕਿ ਇਹ ਕਹਿੰਦੇ ਹਨ ਕਿ ਇਹ ਇਸ ਮਿੱਟੀ ਤੋਂ ਕਿਤੇ ਆਪੇ ਹੀ ਤਾਂ ਨਹੀਂ ਬਣ ਗਈ। ਉਹ ਵੀ ਉਸ ਦੇ ਬਣਾਉਣ ਬਾਰੇ ਹੀ ਗੱਲਾਂ ਕਰਦੇ ਹਨ ਭਾਵ ਕਿ ਹਰ ਚੀਜ਼ ਦਾ ਕੋਈ ਨਾ ਕੋਈ ਕਾਰੀਗਰ ਹੁੰਦਾ ਹੈ।

ਹੁਣ ਅਸੀਂ ਦੋ ਕੁ ਦਾਤਾਂ ਦਾ ਜ਼ਿਕਰ ਕਰੀਏ:

ਪਹਿਲਾਂ ਅਸੀਂ ਆਪਣੇ ਜਿਸਮ ਵਿਚ ਫੈਲੇ ਹੋਏ ਨਾੜੀਆਂ ਦੇ ਜਾਲ ਦੀ ਹੀ ਗੱਲ ਕਰੀਏ। ਇਹ ਅਦਭੁਤ ਦੇਣ ਹੈ। ਸਾਡੇ ਕਰੀਬਨ 2 ਗਜ ਦੇ ਸਰੀਰ ਵਿਚ ਜੇ ਕਦੀ ਸਾਰੀ ਨਾੜੀਆਂ ਨੂੰ ਸਿਰੇ ਤੋਂ ਸਿਰੇ ਨਾਲ ਜੋੜ ਦੇਈਏ ਤਾਂ ਇਹ ਤਕਰੀਬਨ 100,000 ਕਿਲੋਮੀਟਰ ਲੰਮੀਆਂ ਬਣਦੀਆਂ ਹਨ, ਜੋ ਕਿ ਸਾਰੀ ਦੁਨੀਆ ਦਾ 3 ਵਾਰੀ ਤੋਂ ਕੁਝ ਵੱਧ ਚੱਕਰ ਲਗਾ ਸਕਦੀਆਂ ਹਨ। ਇਸ ਦੀ ਗੱਲ ਨੂੰ ਜ਼ਰਾ ਸੋਚੀਏ ਤੇ ਸਮਝੀਏ। ਖ਼ੂਨ ਨਦੀ ਵਾਂਗੂ ਨਹੀਂ ਚੱਲਦਾ ਬਲਕਿ ਇਹ ਛੋਟੀਆਂ ਅਤੇ ਵੱਡੀਆਂ ਪਾਈਪਾਂ ਵਿਚ ਹੀ ਚੱਲਦਾ ਹੈ ਭਾਵੇਂ ਇਹ ਪਾਈਪ (ਨਾੜੀ) ਇਕ ਵਾਲ ਤੋਂ ਵੀ ਬਰੀਕ ਹੋਵੇ ਪਰ ਹਰ ਸੈਲ ਨੂੰ ਖ਼ੂਨ ਪਹੁੰਚਾਦੀਆਂ ਹਨ। ਜੇ ਕਿਸੇ ਸੈਲ ਨੂੰ ਖ਼ੂਨ ਨਾ ਪਹੁੰਚੇ ਤਾਂ ਉਹ ਸੈਲ ਮਰ ਜਾਂਦੇ ਹਨ। ਜਿਵੇਂ ਕਿ ਦਿਲ ਦੇ ਦੌਰੇ ਸਮੇਂ ਜਦੋਂ ਕੁਝ ਕੁ ਸੈਲਾਂ ਨੂੰ ਖ਼ੂਨ ਨਹੀਂ ਮਿਲਦਾ ਤੇ ਉਹ ਮਰਦੇ ਹਨ ਤੇ ਬਹੁਤ ਹੀ ਦਰਦ ਅਤੇ ਤਕਲੀਫ਼ ਹੁੰਦੀ ਹੈ। ਭਾਵ ਕਿ ਜਦ ਅਸੀਂ ਆਮ ਜ਼ਿੰਦਗੀ ਬਤੀਤ ਕਰ ਰਹੇ ਹੁੰਦੇ ਹਾਂ ਤਾਂ ਇਸ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਹਰ ਇਕ ਸੈਲ ਨੂੰ ਖ਼ੂਨ ਪਹੁੰਚ ਰਿਹਾ ਹੈ। ਇਕ ਗਰੀਬ ਤੋਂ ਗਰੀਬ ਆਦਮੀ ਵੀ ਇਸ ਇਕ ਲੱਖ ਕਿਲੋਮੀਟਰ ਅਜੀਬ ਅਤੇ ਪੂਰੀ ਤਰ੍ਹਾਂ ਕੰਮ ਕਰਦੀਆਂ ਪਾਈਪਾਂ (ਨਾੜੀਆਂ) ਦਾ ਮਾਲਕ ਹੈ।

ਜ਼ਰਾ ਇਸ ਦੀ ਕੀਮਤ ਦਾ ਅੰਦਾਜ਼ਾ ਲਾਈਏ:

ਡਾਕਟਰ ਇਕ ਛੋਟਾ ਜਿਹਾ ਨਾੜੀ ਦਾ ਟੁਕੜਾ ਸਾਡੀ ਹੀ ਲੱਤ ਤੋਂ ਕੱਟ ਕੇ ਦਿਲ ਦੀ ਇਕ ਨਾੜੀ ਨੂੰ ਬਦਲਦੇ ਹਨ ਅਤੇ 2-3 ਲੱਖ ਰੁਪਏ ਲੈਂਦੇ ਹਨ। ਇਕ ਬਾਈਪਾਸ ਉਪਰੇਸ਼ਨ ਵਿਚ ਨਾੜੀ ਸਾਡੀ ਹੀ ਹੁੰਦੀ ਹੈ। ਉਹ ਸਿਰਫ਼ ਮਜ਼ਦੂਰੀ ਦੀ ਕੀਮਤ ਹੀ ਲੈਂਦਾ ਹੈ ਤੇ ਸੋਚੋ ਕਿ ਇਹ ਨਾੜੀਆਂ ਕਿਸ ਨੇ ਬਣਾਈਆਂ? ਮਾਂ ਵਿਚਾਰੀ ਨੂੰ ਤੇ ਇਨ੍ਹਾਂ ਦੇ ਰਸਾਇਨਾਂ ਭਾਵ ਇਨ੍ਹਾਂ ਨੂੰ ਬਣਾਉਣ ਵਾਲੇ ਕੱਚੇ ਮਾਲ ਬਾਰੇ ਵੀ ਗਿਆਨ ਨਹੀਂ ਤੇ ਬਣਾਉਣ ਤੇ ਲਗਾਉਣ ਦੀ ਗੱਲ ਵੀ ਕੀ ਸੋਚੀਏ। ਇਸ ਲਈ ਜਿਸ ਵਾਹਿਗੁਰੂ ਨੇ ਇਹ ਸਾਰਾ ਨਾੜੀਆਂ ਦਾ ਜਾਲ ਸਾਡੇ ਸਰੀਰ

ਵਿਚ ਬਣਾਇਆ ਹੈ ਅਤੇ ਲਗਾਇਆ ਹੈ। ਉਸਨੂੰ ਇਸ ਦੀ ਕੀਮਤ ਦੇਣ ਦਾ ਸੋਚ ਵੀ ਨਹੀਂ ਸਕਦੇ। ਪਰ ਘੱਟ ਤੋਂ ਘੱਟ ਸ਼ੁਕਰ ਤਾਂ ਕਰਨਾ ਚਾਹੀਦਾ ਹੈ। ਸ਼ੁਕਰ ਦਾ ਮਤਲਬ ਵਾਹਿਗੁਰੂ ਦਾ ਪਾਠ ਤੇ ਸਿਮਰਨ।

ਦੂਜੀ ਗੱਲ ਅਸੀਂ ਦਿਮਾਗ ਦੀ ਕਰੀਏ। ਇਕ ਕਾਨਫਰੰਸ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਹੋਈ। ਜਿਥੇ ਵੱਡੇ ਵੱਡੇ ਸਾਇੰਸਦਾਨਾਂ ਨੇ ਹਿੱਸਾ ਲਿਆ ਅਤੇ ਉਸ ਦਾ ਵਿਸ਼ਾ ਸੀ ਕਿ ਇਨਸਾਨ ਦੇ ਦਿਮਾਗ ਦੇ ਬਰਾਬਰ ਦਾ ਕੰਪਿਊਟਰ ਬਣ ਸਕਦਾ ਹੈ? ਸਭ ਵਲੋਂ ਇਸ ਦਾ ਜਵਾਬ ਇਕੋ ਹੀ ਸੀ ਕਿ ਨਹੀਂ ਬਣ ਸਕਦਾ। ਫਿਰ ਦੂਜਾ ਸਵਾਲ ਆਇਆ ਕਿ ਆਦਮੀ ਦੇ ਦਿਮਾਗ ਤੋਂ ਛੋਟਾ ਪਰ ਉਸਦੇ ਕੁਝ ਨੇੜੇ ਜੋ ਕੰਪਿਊਟਰ ਬਣੇਗਾ ਉਹ ਕਿਤਨਾ ਵੱਡਾ ਹੋਵੇਗਾ ਤੇ ਉਸਦੀ ਕਿਤਨੀ ਲਾਗਤ ਆਏਗੀ। 3 ਦਿਨਾਂ ਦੀ ਇਸ ਗੋਸ਼ਟੀ ਤੋਂ ਬਾਅਦ ਇਹ ਸਹਿਮਤੀ ਬਣੀ ਕਿ ਇਹ ਕੰਪਿਊਟਰ ਇਨਸਾਨ ਦੇ ਦਿਮਾਗ ਤੋਂ ਬਹੁਤ ਹੀ ਘੱਟ ਦਰਜੇ ਦਾ ਹੋਵੇਗਾ ਅਤੇ ਇਕ ਬਹੁਤ ਹੀ ਵੱਡੀ ਇਮਾਰਤ ਭਰ ਜਾਵੇਗੀ।

ਹੁਣ ਇਸ ਦੇ ਉਲਟ ਦੇਖੀਏ ਇਕ ਇਤਨਾ ਵੱਡਾ ਕੰਪਿਊਟਰ ਜੋ ਕਿ ਅੱਜ ਤਕ ਦੀ ਸਭ ਤੋਂ ਵੱਡੀ ਟੈਕਨਾਲੋਜੀ ਦਾ ਅਜੂਬਾ ਹੋਵੇਗਾ। ਜਿਸ ਨੂੰ ਰੱਖਣ ਲਈ ਦੁਨੀਆ ਦੀ ਸਭ ਤੋਂ ਵੱਡੀ ਇਮਾਰਤ ਚਾਹੀਦੀ ਹੈ ਅਤੇ ਦੂਜੇ ਪਾਸੇ ਉਸ ਤੋਂ ਵੀ ਕਿਤੇ ਵੱਡਾ ਕੰਪਿਊਟਰ ਇਕ ਅੱਧ ਕਿਲੋ ਦਾ ਬਣਾ ਕੇ ਇਕ ਆਦਮੀ ਦੇ ਸਿਰ ਵਿਚ ਪਾ ਕੇ ਉਸਨੂੰ ਇਕ ਅਤਿ ਸਖਤ ਖੋਲ ਵਿਚ ਬੰਦ ਕਰਕੇ ਬਗੈਰ ਕਿਸੇ ਚਲਾਵੇ ਦੇ - ਬਗੈਰ ਕਿਸੇ ਬਾਹਰ ਦੇ ਪਾਵਰ ਸਟੇਸ਼ਨ ਤੋਂ ਜੋੜੇ, ਪੂਰਨ ਆਟੋਮੈਟਿਕ ਕੰਮ ਕਰਦਾ ਹੈ। ਉਸ ਨੂੰ ਚਲਾਣ ਲਈ ਕੋਈ ਹਜ਼ਾਰਾਂ ਕੰਪਿਊਟਰ ਇੰਜੀਨੀਅਰ ਵੀ ਨਹੀਂ ਚਾਹੀਦੇ। ਵਾਹਿਗੁਰੂ ਨੇ ਇਤਨਾ ਵੱਡਾ ਕੇਵਲ ਇਕ ਕੰਪਿਊਟਰ ਨਹੀਂ ਬਣਾਇਆ। ਬਲਕਿ ਅੱਜ ਦੇ ਦਿਨ 600 ਕਰੋੜ ਕੰਪਿਊਟਰ ਬਣਾ ਕੇ ਚਲਾ ਰਿਹਾ ਹੈ। ਅਸੀਂ ਰੋਜ਼ਾਨਾ ਲੱਖਾਂ ਕੰਪਿਊਟਰ ਸ਼ਮਸ਼ਾਨ ਘਾਟਾਂ ਵਿਚ ਜਲਾ ਦਿੰਦੇ ਹਾਂ। ਪਰ ਵਾਹਿਗੁਰੂ ਉਸ ਤੋਂ ਵੱਧ ਹਰ ਰੋਜ਼ ਨਵੇਂ ਕੰਪਿਊਟਰ ਬਣਾ ਕੇ ਭੇਜ ਦਿੰਦਾ ਹੈ ਤੇ ਕਮਾਲ ਦੀ ਗੱਲ ਹੈ ਕਿ ਉਹ ਇਨ੍ਹਾਂ ਕੰਪਿਊਟਰਾਂ ਲਈ ਇਕ ਪੈਸਾ ਵੀ ਨਹੀਂ ਲੈਂਦਾ। ਸਿਰਫ ਸਾਡੇ ਤੋਂ ਸ਼ੁਕਰ ਹੀ ਚਾਹੁੰਦਾ ਹੈ। ਪਰ ਅਸੀਂ ਤਾਂ ਉਸ ਦੇ ਸ਼ੁਕਰ ਤੋਂ ਵੀ ਮੁਨਕਰ ਹੁੰਦੇ ਹਾਂ ਤੇ ਕਹਿੰਦੇ ਹਾਂ ਕਿ ਵਾਹਿਗੁਰੂ ਹੈ ਕਿ ਨਹੀਂ। ਸਵਾਲ ਤੇ ਸ਼ੱਕ ਕਰਦੇ ਹਾਂ ਤੇ ਕਹਿ ਦੇਂਦੇ ਹਾਂ ਕਿ ਜੇ ਹੈ ਤਾਂ ਇਸ ਦਾ ਸਬੂਤ ਦੇਵੇ। ਇਸ ਦਾ ਮਤਲਬ ਹੈ ਕਿ ਇਤਨੀ ਵੱਡੀ ਦਾਤ ਨੂੰ ਅਸੀਂ ਇਤਨਾ ਥੋੜਾ ਜਿਹਾ ਵੀ ਨਹੀਂ ਵਰਤਦੇ ਕਿ ਸੋਚੀਏ ਕਿ ਇਤਨਾ ਵੱਡਾ ਇਕ ਕੰਪਿਊਟਰ ਸਾਨੂੰ ਵੀ ਦਿੱਤਾ ਹੈ। ਸਾਨੂੰ ਇਸ ਅਜੂਬੇ ਨੂੰ ਵਰਤਣਾ ਚਾਹੀਦਾ ਹੈ ਕਿ ਜਿਤਨਾ ਵੀ ਵਰਤਦੇ ਜਾਵਾਂਗੇ ਇਹ ਵਧਦਾ ਹੀ ਜਾਂਦਾ ਹੈ ਕਿ ਭਾਵ ਕਿ ਦਿਮਾਗ ਦੇ ਵਰਤਣ ਦਾ ਕਦੀ ਕੋਈ ਅੰਤ ਨਹੀਂ ਹੋ ਸਕਦਾ। ਸਾਡਾ ਅੰਤ ਹੋ ਜਾਂਦਾ ਹੈ ਕਿ ਪਰ ਵਾਹਿਗੁਰੂ ਦੀਆਂ ਦਾਤਾਂ ਦਾ ਕਦੀ ਅੰਤ ਨਹੀਂ ਹੁੰਦਾ ਅਤੇ ਉਸਦੀ ਲਾਗਤ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਜੋ ਕਿ ਅਰਬਾਂ ਖਰਬਾਂ ਡਾਲਰ ਹੋਏਗੀ।

ਹੁਣ ਸੋਚੋ ਕਿ ਵਾਹਿਗੁਰੂ ਜੋ ਲੱਖਾਂ ਇਤਨੇ ਵੱਡੇ ਕੰਪਿਊਟਰ ਹਰ ਰੋਜ਼ ਬਣਾ ਕੇ ਇਸ ਦੁਨੀਆ ਵਿਚ ਭੇਜ ਰਿਹਾ ਹੈ ਉਸ ਦੀ ਆਪਣੀ ਕੰਪਿਊਟਰ ਪ੍ਰਨਾਲੀ ਕਿਤਨੀ ਕੁ ਵੱਡੀ ਹੋਵੇਗੀ ਤੇ ਉਸਦੀ ਨਜ਼ਰ ਦੇ ਘੇਰੇ ਤੋਂ ਕੌਣ ਬਚ ਸਕਦਾ ਹੈ। ਉਹ ਬੇਅੰਤ ਹੈ ਤੇ ਉਸਦੀ ਹਰ ਚੀਜ਼ ਬੇਅੰਤ ਹੈ। ਉਸਦਾ ਰਾਡਾਰ ਇਤਨਾ ਵੱਡਾ ਤੇ ਸ਼ਕਤੀਸ਼ਾਲੀ ਹੈ ਕਿ ਜੋ ਚੀਜ਼ ਅਸੀਂ ਸੋਚ ਵੀ ਰਹੇ ਹੁੰਦੇ ਹਾਂ ਉਸਦੇ ਕੰਪਿਊਟਰ ਤੇ ਆ ਜਾਂਦੀ ਹੈ ਕਿ ਭਾਵ ਸਾਡੇ ਹਰ ਚੰਗੇ ਜਾਂ ਮੰਦੇ ਕਰਮਾਂ ਦਾ ਉਸ ਨੂੰ ਗਿਆਨ ਹੈ ਤੇ ਇਨ੍ਹਾਂ ਕਰਮਾਂ ਦਾ ਇਨਾਮ ਜਾਂ ਸਜ਼ਾ ਇਥੇ ਹੀ ਦਿੰਦਾ ਹੈ ਅਤੇ ਉਸ ਤੋਂ ਨਾ ਕੋਈ ਆਦਮੀ ਬਚਿਆ ਹੈ ਨਾ ਬਚੇਗਾ। ਉਹ ਸਦਾ ਇਨਸਾਫ ਹੀ ਕਰਦਾ ਹੈ ਬੇ ਇਨਸਾਫੀ ਕਦੇ ਨਹੀਂ ਕਰਦਾ।

ਉਹ ਬਖਸ਼ਣਹਾਰ ਹੈ ਪਰ ਜੇ ਬਖਸ਼ਣ ਵਾਲੀ ਗੱਲ ਹੋਵੇ ਤਾਂ ਜਿਸ ਤਰ੍ਹਾਂ ਅਸੀਂ ਆਪਣੇ ਬੱਚਿਆਂ ਦੀਆਂ ਬਹੁਤ ਗਲਤੀਆਂ ਮਾਫ ਕਰਦੇ ਹਾਂ ਪਰ ਕਦੀ ਕਦੀ ਸਜ਼ਾ ਵੀ ਜ਼ਰੂਰ ਦਿੰਦੇ ਹਾਂ , ਨਹੀਂ ਤਾਂ ਅਸੀਂ ਬੱਚਿਆਂ ਲਈ ਇਮਾਨਦਾਰ ਨਹੀਂ ਹੋਵਾਂਗੇ।

*ਦੇਂਦਾ ਦੇ ਲੈਂਦਾ ਥਕ ਪਾਇ*

ਕਿਸੇ ਫੈਕਟਰੀ ਵਿਚ ਅਗਰ 100 ਕਿਲੋ ਕੱਚਾ ਮਾਲ ਪਾਈਏ ਤਾਂ ਉਸ ਵਿਚੋਂ 50 ਕਿਲੋ ਤੋਂ ਲੈ ਕੇ ਵਧ ਤੋਂ ਵਧ 100 ਕਿਲੋ ਹੀ ਤਿਆਰ ਮਾਲ ਬਣ ਸਕੇਗਾ ਪਰ 100 ਕਿਲੋ ਤੋਂ ਵਧ ਨਹੀਂ ਬਣ ਸਕਦਾ। ਪਰ ਵਾਹਿਗੁਰੂ ਜੀ ਦੀ ਫੈਕਟਰੀ ਵਿਚ ਅਗਰ ਅਸੀਂ ਇਕ ਦਾਣਾ ਕਣਕ ਦਾ ਬੀਜੀਏ ਤੇ ਹੱਥ ਪੈਰ ਹਿਲਾਈਏ ਭਾਵ ਪੂਰੀ ਸੇਵਾ ਕਰੀਏ ਤਾਂ 100 ਦਾਣੇ ਤਕ ਬਣ ਜਾਂਦੇ ਹਨ ਤੇ ਅਗਲੇ ਸਾਲ ਇਹ 100 ਦਾਣੇ ਬੀਜੀਏ ਤੇ 10,000 ਦਾਣੇ ਬਣ ਸਕਦੇ ਹਨ ਤੇ 5 ਸਾਲਾਂ ਵਿਚ 5 ਅਰਬ ਦਾਣੇ ਬਣ

ਸਕਦੇ ਹਨ। ਇਸੇ ਤਰ੍ਹਾਂ ਬਾਕੀ ਚੀਜ਼ਾਂ ਜਿਵੇਂ ਕਿ ਅੰਬ ਨੂੰ ਖਾ ਕੇ ਜੋ ਗਿਟਕ ਅਸੀਂ ਸੁੱਟ ਦਿੰਦੇ ਹਾਂ। ਉਸ ਨੂੰ ਹੀ ਬੀਜ ਦੇਈਏ ਤੇ ਸੇਵਾ ਸੰਭਾਲ ਕਰੀਏ ਤਾਂ ਉਸ ਦੇ ਦਰਖਤ ਤੋਂ ਅਸੀਂ ਸਾਲਾਂ ਸਾਲ ਅੰਬ ਖਾ ਸਕਦੇ ਹਾਂ। ਇਥੇ ਸੋਚੋ ਕਿ ਗਿਟਕ ਵਿਚ ਜਾਂ ਜਿਸ ਮਿੱਟੀ ਵਿਚ ਇਸ ਨੂੰ ਦੱਬਿਆ ਸੀ ਉਸ ਮਿੱਟੀ ਵਿਚ ਨਾ ਤਾਂ ਚੀਨੀ ਪਾਈ, ਨਾ ਰੰਗ ਪਾਇਆ, ਨਾ ਕੋਈ ਖ਼ੁਸ਼ਬੂ ਪਾਈ, ਨਾ ਸਵਾਦ ਵਾਲੀ ਚੀਜ਼ ਨਾ ਕੋਈ ਤਾਕਤ ਦੀਆਂ ਇਤਨੀਆਂ ਦਵਾਈਆਂ, ਜਿਵੇਂ ਵਿਟਾਮਿਨ ਆਦਿ ਤੇ ਇਕ ਅੰਬ ਵਿਚ ਇਹ ਸਾਰੀਆਂ ਚੀਜ਼ਾਂ ਕਿਸ ਫੈਕਟਰੀ ਤੋਂ ਬਣ ਕੇ ਆਈਆਂ। ਭਾਵ ਇਹ ਕਿ ਉਹ ਲੱਖਾਂ ਕਰੋੜਾਂ ਸਾਲਾਂ ਤੋਂ ਸਾਨੂੰ ਸਭ ਕੁਝ ਦੇਈ ਜਾ ਰਿਹਾ ਹੈ ਪਰ ਅਸੀਂ ਨਾਸ਼ੁਕਰੇ ਉਸਦੀ ਵਡਿਆਈ ਤੇ ਦਾਨ ਨੂੰ ਸਮਝ ਵੀ ਨਹੀਂ ਸਕਦੇ ਤੇ ਉਸਦਾ ਸ਼ੁਕਰ ਵੀ ਨਹੀਂ ਕਰਦੇ।

ਅਸੀਂ ਜਿਤਨਾ ਵੀ ਪਾਠ ਕਰੀਏ ਤੇ ਸਿਮਰਨ ਕਰੀਏ ਉਸਦੀਆਂ ਦੇਣੀਆਂ ਨੂੰ ਨਹੀਂ ਦੇ ਸਕਦੇ ਪਰ ਸਾਨੂੰ ਚਾਹੀਦਾ ਹੈ ਕਿ ਉਸ ਅਕੱਥ ਕਹਾਣੀ ਨੂੰ ਹਰ ਵਕਤ ਕਥੀਏ ਤਾਂ ਜੋ ਇਸ ਤਰ੍ਹਾਂ ਅਸੀਂ ਹਰ ਵਕਤ ਉਸਦੀ ਹਜ਼ੂਰੀ ਵਿਚ ਰਹੀਏ ਤੇ ਉਹ ਸਾਡੇ ਉਤੇ ਹੋਰ ਮੇਹਰ ਕਰੇ। ਅਸੀਂ ਉਸ ਤੋਂ ਲੈਂਦੇ ਹਾਂ ਅਤੇ ਲੈਂਦੇ ਰਹਾਂਗੇ। ਪਰ ਸ਼ੁਕਰ ਕਰਨ ਨਾਲ ਵਾਹਿਗੁਰੂ ਖੁਸ਼ ਹੁੰਦਾ ਹੈ।

*93, ਸੈਕਟਰ 8-ਏ, ਚੰਡੀਗੜ੍ਹ*

# ਫਿਲਵਾਂ (ਜਲੰਧਰ) ਦੀ ਕਲਾਸੀਕਲ ਕੀਰਤਨ ਨੂੰ ਦੇਣ

## ਸੁਰਿੰਦਰ ਕੌਰ ਢਿੱਲੋਂ

ਜਲੰਧਰ ਛਾਉਣੀ ਦੀ ਬੁੱਕਲ ਵਿਚ ਵਸਦਾ ਪਿੰਡ ਫਿਲਵਾਂ, ਸ਼ਾਇਦ ਪੰਜਾਬ ਦਾ ਪਹਿਲਾ ਨਗਰ ਹੈ, ਜਿਸਨੂੰ ਕਲਾਸੀਕਲ ਕੀਰਤਨ ਦਰਬਾਰਾਂ ਦੀ ਲੜੀ ਸ਼ੁਰੂ ਕਰਨ ਦਾ ਮਾਣ ਹਾਸਲ ਹੋਇਆ। ਹੁਣ ਦੇ ਦੂਰਦਰਸ਼ਨ ਦੇ ਸੀਨੀਅਰ ਨਿਊਜ਼ ਰੀਡਰ ਸ. ਤੀਰਥ ਸਿੰਘ ਢਿੱਲੋਂ ਨੇ, ਸਤਿਗੁਰਾਂ ਦੀ ਪ੍ਰੇਰਨਾ ਨਾਲ, ੧੯੭੩ ਵਿਚ ਇਸ ਮਹਾਨ ਕਾਰਜ ਦੀ ਸ਼ੁਰੂਆਤ ਸੰਗਤਾਂ ਦੇ ਸਹਿਯੋਗ ਨਾਲ ਕੀਤੀ। ਇਸ ਕਲਾਸੀਕਲ ਕੀਰਤਨ ਦਰਬਾਰ ਵਿਚ ਰਾਗੀ ਜਥੇ ਤੰਤੀ ਸਾਜਾਂ ਨਾਲ ਕੀਰਤਨ ਕਰਦੇ। ਆਪ ਕੀਰਤਨ ਗਾਇਨ ਕਰਨ ਬਾਅਦ, ਦੂਜੇ ਜਥਿਆਂ ਨੂੰ ਬੈਠ ਕੇ ਸੁਣਦੇ ਤੇ ਦਾਦ ਵੀ ਦਿੰਦੇ। ਉਸ ਵੇਲੇ ਦੇ ਭਾਰਤ ਦੇ ਰੱਖਿਆ ਮੰਤਰੀ ਸ. ਸਵਰਨ ਸਿੰਘ ਨੇ ਇਕ ਵਾਰ ਹਾਜ਼ਰੀਆਂ ਭਰ ਕੇ ਗਦਗਦ ਹੁੰਦਿਆਂ ਇਸ ਨੂੰ 'ਸਿੱਖਾਂ ਦਾ ਹਰਿਵੱਲਭ ਸੰਗੀਤ ਸੰਮੇਲਨ' ਕਹਿ ਕੇ ਇਸ ਉਦਮ ਦੀ ਪ੍ਰਸੰਸਾ ਕੀਤੀ। ਰਾਗੀ ਜਥੇ, ਇਕ ਇਕ ਮਹੀਨਾ ਪਹਿਲਾਂ, ਇਸ ਵਿਚ ਸ਼ਮੂਲੀਅਤ ਲਈ ਤਿਆਰੀਆਂ ਸ਼ੁਰੂ ਕਰ ਦਿੰਦੇ। ਉਸ ਸਮੇਂ ਦੇ ਤਕਰੀਬਨ ਸਾਰੇ ਉਚ ਕੋਟੀ ਦੇ ਰਾਗ ਸੰਗੀਤ ਦੇ ਧਨੀ ਰਾਗੀ ਜਥਿਆਂ ਨੇ ਇਸ ਕੀਰਤਨ ਦਰਬਾਰ ਵਿਚ ਟਕਸਾਲੀ ਕੀਰਤਨ ਨਾਲ ਸੰਗਤਾਂ ਨੂੰ ਸਰਸ਼ਾਰ ਕੀਤਾ, ਜਿਨ੍ਹਾਂ ਵਿਚ ਸ਼੍ਰੋਮਣੀ ਰਾਗੀ ਪ੍ਰੋ: ਹਰਚੰਦ ਸਿੰਘ ਲੁਧਿਆਣਾ, ਭਾਈ ਬਖ਼ਸ਼ੀਸ਼ ਸਿੰਘ, ਭਾਈ (ਸੰਤ) ਬਹਾਦਰ ਸਿੰਘ ਜਲੰਧਰ, ਭਾਈ ਧਰਮ ਸਿੰਘ ਜ਼ਖ਼ਮੀ, ਸੰਤ ਸਰਵਣ ਸਿੰਘ ਗੰਧਰਬ (ਡੁਮੇਲੀ), ਪ੍ਰੋ: ਦੀਦਾਰ ਸਿੰਘ ਨੰਗਲ ਖੁਰਦ, ਪ੍ਰਿੰਸੀਪਲ ਚੰਨਣ ਸਿੰਘ ਕਲਕੱਤੇ ਵਾਲੇ, ਭਾਈ ਦਵਿੰਦਰ ਸਿੰਘ ਗੁਰਦਾਸਪੁਰ, ਪ੍ਰਿੰ: ਬਲਦੇਵ ਸਿੰਘ, ਭਾਰਤ ਦੇ ਮਹਾਨ ਕਲਾਸੀਕਲ ਗਾਇਕ, ਪਦਮ ਸ੍ਰੀ ਸੋਹਨ ਸਿੰਘ, ਭਾਈ ਅਮਰੀਕ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਜੋਗਿੰਦਰ ਸਿੰਘ ਮਹਿੰਦਰ ਸਿੰਘ (ਹਜ਼ੂਰੀਰਾਗੀ ਸ੍ਰੀ ਹਜ਼ੂਰ ਸਾਹਿਬ), ਐਸ ਡੀ ਓ ਜਸਪਾਲ ਸਿੰਘ, ਉਸਤਾਦ ਨਿਹਾਲ ਸਿੰਘ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਉਸਤਾਦ ਤਰਲੋਕ ਸਿੰਘ (ਤਬਲਾ) ਤੇ ਪ੍ਰੋ: ਗੀਤਾ ਦੱਤ ਸ਼ਾਮਲ ਨੇ। ਇਹ ਲੜੀ, ੭ ਸਾਲ ਚੱਲਦੀ ਰਹੀ, ਤੇ ਸ. ਤੀਰਥ ਸਿੰਘ ਢਿੱਲੋਂ ਦੇ ਅਕਾਸ਼ਵਾਣੀ ਤੇ ਖਬਰਾਂ ਪੜ੍ਹਨ ਲਈ ਚੁਣ ਕੇ ਦਿੱਲੀ ਜਾਣ ਤੋਂ ਬਾਅਦ ਸਰੋਤੇ ਅਜਿਹੇ ਰਸਭਰਪੂਰ ਤੇ ਸੰਗੀਤਕ ਕੀਰਤਨ ਨੂੰ ਸੁਣਨ ਲਈ ਤਰਸ ਗਏ ਨੇ। ਏਸ ਕੀਰਤਨ ਦਰਬਾਰ ਵਿਚ ਜਿਹੜੀ ਕੀਰਤਨ ਦੀ ਪੁਰਾਤਨ ਸ਼ੈਲੀ ਉਜਾਗਰ ਹੋਈ, ਉਸਨੇ ਅਨੇਕ ਕੀਰਤਨੀਆਂ ਨੂੰ ਰਾਗ ਸੰਗੀਤ ਅਧਾਰਤ ਗੁਰਮਤਿ ਕੀਰਤਨ ਲਈ ਪ੍ਰੇਰਿਤ ਕੀਤਾ। ਅੱਜ ਵੀ ਕੁਝ ਗਿਣੇ ਚੁਣੇ ਰਾਗੀ ਜਥੇ ਏਸ ਸ਼ੈਲੀ ਨੂੰ ਜੀਵਤ ਰੱਖਣ ਦਾ ਉਪਰਾਲਾ ਕਰ ਰਹੇ ਨੇ। ਜਿਨ੍ਹਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਬੰਤਾ ਸਿੰਘ ਤੇ ਭਾਈ ਜਸਵੰਤ ਸਿੰਘ ਪ੍ਰਮੁੱਖ ਨੇ।

ਇਹ ਬੜੀ ਤਸੱਲੀ ਵਾਲੀ ਗੱਲ ਹੈ ਕਿ ਅਜੋਕੇ ਨਿਰਾਸ਼ਾਜਨਕ ਦੌਰ ਵਿਚ ਨਾਮਧਾਰੀ ਪੰਥ ਵਲੋਂ, ਪੁਰਾਤਨ ਕੀਰਤਨ ਸ਼ੈਲੀ ਦੀ ਸੰਭਾਲ ਵਾਸਤੇ, ਵਿਸ਼ੇਸ਼ ਉਦਮ ਕੀਤੇ ਜਾ ਰਹੇ ਹਨ। ਇਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ, ਉਹ ਥੋੜੀ ਹੈ। ਨਾਮਧਾਰੀ ਪੰਥ ਵਿਚ ਤੰਤੀ ਸਾਜਾਂ ਨਾਲ ਗੁਰਮਤਿ ਕੀਰਤਨ ਨੂੰ ਸਤਿਗੁਰਾਂ ਦੇ ਆਦੇਸ ਅਨੁਸਾਰ, ਗਾਇਨ ਕੀਤਾ ਜਾਂਦਾ ਹੈ, ਇਸ ਦਾ ਪ੍ਰਭਾਵ ਸਰੋਤੇ ਨੂੰ ਆਨੰਦਿਤ ਕਰ ਪ੍ਰਭੂ ਚਰਨਾਂ ਨਾਲ ਜੋੜਦਾ ਹੈ। ਰਾਗਾਂ ਦੇ ਨਾਲ ਨਾਲ ਪੁਰਾਤਨ ਧੁਨਾਂ, ਗੀਤਾਂ ਅਤੇ ਬੰਦਿਸ਼ਾਂ ਨੂੰ ਸ਼ੁਧ ਸੰਗੀਤਕ ਢੰਗ ਨਾਲ ਗਾਇਨ ਕੀਤਾ ਜਾਂਦਾ ਹੈ।

ਅੱਜ ਲੋੜ ਹੈ ਇਸ ਅਲੋਪ ਹੁੰਦੇ ਜਾ ਰਹੇ ਅਮੀਰ ਤਰੀਂ ਅਤੇ ਬਹੁਮੁੱਲੇ ਵਿਰਸੇ ਨੂੰ ਸੰਭਾਲਣ ਲਈ, ਸਮੂਹ ਗੁਰੂ ਨਾਨਕ ਨਾਮ ਲੇਵਾ ਅਤੇ ਕੀਰਤਨ ਪ੍ਰੇਮੀ ਰਲ ਕੇ ਉਪਰਾਲੇ ਕਰਨ।

*ਪੱਤ੍ਰਿਕਾ 'ਵਰਿਆਮ' ਚੋਂ ਧੰਨਵਾਦ ਸਹਿਤ*

# ਰਾਗ ਵਿਵਰਨ- ਰਾਗੁ ਵਡਹੰਸੁ

## ਪ੍ਰੋ. ਕਰਤਾਰ ਸਿੰਘ

ਕੁਝ ਸੰਗੀਤ ਗ੍ਰੰਥਾਂ ਵਿਚ ਵਡਹੰਸ ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ। ਲੋਚਨ ਪੰਡਿਤ ਨੇ 'ਰਾਗ ਤਰੰਗਣੀ' (੧੫ਵੀਂ ਸ਼ਤਾਬਦੀ) ਵਿਚ 12 ਥਾਟਾਂ ਤੋਂ 75 ਜਨਯ ਰਾਗਾਂ ਦਾ ਵਰਗੀਕਰਣ ਕੀਤਾ ਹੈ। ਉਸ ਅਨੁਸਾਰ ਸਾਰੰਗ ਠਾਠ ਤੋਂ ਬਡਹੰਸ ਨੂੰ ਜਨਯ ਰਾਗ ਮੰਨਿਆ ਹੈ। ਤਜੌਰ ਦੇ ਮ੍ਹਹਾਰਾਜਾ ਤੁਲਾਜੀਰਾਵ ਭੌਂਸਲੇ ਨੇ 'ਸੰਗੀਤਸਾਰਾਮ੍ਰਿਤ' (੧੮ਵੀਂ ਸ਼ਤਾਬਦੀ) ਵਿਚ ਕਾਂਬੋਜੀ ਜਨਕ ਮੇਲ ਤੋਂ ਬਡਹੰਸ ਨੂੰ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗ਼ਮਾਤੇ ਆਸਫੀ' (੧੮੧੩) ਵਿਚ ਮੇਘ ਰਾਗ ਦੀ ਬਡਹੰਸ ਰਾਗਨੀ ਮੰਨੀ ਹੈ ਅੱਜ ਭਾਰਤੀ ਸੰਗੀਤ ਵਿਚ ਰਾਗ ਬਡਹੰਸ ਨੂੰ ਸਾਰੰਗ ਦਾ ਇਕ ਪ੍ਰਕਾਰ ਮੰਨਿਆ ਜਾਂਦਾ ਹੈ। ਪੰਡਿਤ ਵੀ ਐਨ ਭਾਤਖੰਡੇ ਨੇ 'ਕ੍ਰਮਿਕ ਪੁਸਤਕ ਮਾਲਿਕਾ ਭਾਗ-੬' ਵਿਚ ਬਡਹੰਸ-ਸਾਰੰਗ ਰਾਗ ਕਾਫੀ ਥਾਟ ਤੋਂ ਉਤਪੰਨ ਮੰਨਿਆ ਹੈ ਤੇ ਕੁਝ ਹੋਰ ਵਿਦਵਾਨਾਂ ਨੇ ਇਸ ਨੂੰ ਬਿਲਾਵਲ ਥਾਟ ਦਾ ਵੀ ਮੰਨਿਆ ਹੈ। ਇਸ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ, ਪੰਚਮ ਸੰਵਾਦੀ, ਗ਼ਾਇਣ ਸਮਾਂ ਦੁਪਹਿਰ ਹੈ। ਅਵਰੋਹ ਵਿਚ ਕਿਤੇ ਕਿਤੇ ਧੈਵਤ ਦਾ ਕਣ ਵੀ ਲਿਆ ਜਾਂਦਾ ਹੈ। ਚਲਣ ਨ਼ ਪ, ਮ, ਰ , ਸ, ਰਮ, ਪ, ਨ਼ਪ, ਨਸਂ, ਨ਼, ਪਮ, ਰ, ਸ ਇਸ ਪ੍ਰਕਾਰ ਹੈ। ਪੰਡਿਤ ਵਿਨਾਇਕ ਰਾਉ ਨਰਾਇਣ ਪਟਵਰਧਨ ਨੇ 'ਰਾਗ ਵਿਗਿਆਨ' ਭਾਗ-੬ ਵਿਚ ਬਡਹੰਸ ਸਾਰੰਗ ਨੂੰ ਸਾਰੰਗ ਦਾ ਇਕ ਪ੍ਰਕਾਰ ਮੰਨਿਆ ਹੈ ਜਿਸ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ ਪਰ ਅਵਰੋਹ ਵਿਚ ਪੰਚਮ ਤੇ ਧੈਵਤ ਦਾ ਕਣ ਦਿੱਤਾ ਹੈ। ਜਾਤੀ-ਔੜਵ, ਵਾਦੀ ਰਿਸ਼ਭ, ਸੰਵਾਦੀ ਪੰਚਮ ਸਮਾਂ ਦਿਨ ਦਾ ਤੀਜਾ ਪਹਿਰ ਹੈ। ਆਰੋਹ ਵਿਚ ਨਿਸ਼ਾਦ ਸ਼ੁੱਧ ਤੇ ਅਵਰੋਹ ਵਿਚ ਨਿਸ਼ਾਦ ਕੋਮਲ ਦਾ ਪ੍ਰਯੋਗ ਹੈ। ਆਰੋਹ- ਸ ਰ ਮ, ਰ ਮ ਪ, ਨ ਸਂ ਅਵਰੋਹ-ਸਂ ਨ਼ੑਪ ਪ ਮ ਪ ਮ ਰ, ਨ਼ ਸ। ਇਸ ਵਿਚ ਮਧਿਅਮ ਤੇ ਨਿਆਸ ਹੈ। 'ਰਾਗ ਵਿਯਾਂਕਰਣ' ਦੇ ਕਰਤਾ ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਬਡਹੰਸ ਸਾਰੰਗ ਦੇ ਤਿੰਨ ਅਲੱਗ ਅਲੱਗ ਸਰੂਪ ਦਿੱਤੇ ਹਨ। ਪਹਿਲਾ ਸਰੂਪ ਔੜਵ ਜਾਤੀ ਦਾ ਗੰਧਾਰ ਤੇ ਧੈਵਤ ਵਰਜਿਤ ਹਨ। ਆਰੋਹ ਵਿਚ ਸ਼ੁਧ ਤੇ ਅਵਰੋਹ ਵਿਚ ਕੋਮਲ ਨਿਸ਼ਾਦ ਦਾ ਪ੍ਰਯੋਗ ਹੈ। ਵਾਦੀ ਪੰਚਮ, ਸੰਵਾਦੀ ਸ਼ੜਜ ਤੇ ਸਮਾਂ ਦਿਨ ਦੇ $11^1/_2$ ਤੋਂ ਇਕ ਵਜੇ ਤਕ ਹੈ। ਆਰੋਹ- ਸ ਰ ਮ ਪ ਨ਼ ਪ ਨ ਸਂ ਅਵਰੋਹ- ਸਂ ਨ਼ ਪ ਮ ਰ ਸ। ਦੂਜੇ ਸਰੂਪ ਵਿਚ ਅਵਰੋਹ ਵਿਚ ਧੈਵਤ ਦੇ ਵਕਰ ਪ੍ਰਯੋਗ ਨਾਲ ਔੜਵ ਵਕਰ ਸ਼ਾੜਵ ਜਾਤੀ ਹੈ। ਵਾਦੀ ਪੰਚਮ ਸੰਵਾਦੀ ਸ਼ੜਜ, ਸਮਾਂ $11^1/_2$ ਤੋਂ ਇਕ ਵਜੇ ਦੁਪਹਿਰ ਹੈ। ਆਰੋਹ- ਸ ਰ ਮ ਪ ਨ਼ ਪ ਨ ਸਂ ਅਵਰੋਹ- ਸਂ ਨ਼ ਪ ਧ ਮ ਪ ਮ ਰ ਸ। ਤੀਜੇ ਸਰੂਪ ਵਿਚ ਅਰੋਹ ਵਿਚ ਗੰਧਾਰ ਦਾ ਵਕਰ ਪ੍ਰਯੋਗ ਤੇ ਧੈਵਤ ਵਰਜਿਤ ਕਰਕੇ ਜਾਤੀ ਸ਼ਾੜਵ ਵਕਰ ਸੰਪੂਰਨ ਮੰਨੀ ਹੈ। ਦੋਨੋਂ ਨਿਸ਼ਾਦ ਤੇ ਪੰਚਮ ਸ਼ੜਜ ਦਾ ਸੰਵਾਦ ਹੈ। ਸਮਾਂ ਦੁਪਹਿਰ ਦਾ ਹੈ। ਆਰੋਹ- ਸ ਰ ਗ ਸ ਰ ਮ ਪ ਨ ਸਂ ਅਵਰੋਹ-ਸਂ ਨ਼ ਪ ਧ ਮ ਗ ਰ ਗ ਸ। ਪਰ ਗੁਰਮਤਿ ਸੰਗੀਤ ਵਿਚ ਰਾਗੁ ਵਡਹੰਸ ਦਾ ਸਰੂਪ ਭਿੰਨ ਹੈ।

ਰਾਗ ਵਡਹੰਸ ਦੀ ਉਪਜ ਖਮਾਜ ਥਾਟ ਤੋਂ ਹੈ। ਇਹ ਰਾਗ ਦੇਸ, ਤਿਲਕ ਕਾਮੋਦ, ਬਰਵਾ ਤੇ ਸਾਰੰਗ ਦਾ ਇਕ ਸੁੰਦਰ ਮਿਸ਼ਰਨ ਹੈ। ਇਸ ਦਾ ਚਲਨ ਜ਼ਿਆਦਾ ਕਰਕੇ ਮੰਦਰ ਤੇ ਮੱਧ ਸਪਤਕ ਵਿਚ ਹੀ ਰਹਿੰਦਾ ਹੈ। ਇਸ ਦਾ ਤੇ ਤਿਲਕ ਕਮੋਦ ਦਾ ਮੰਦਰ ਨਿਸ਼ਾਦ ਤੇ ਨਿਆਸ ਹੈ। ਸ ਰ ਗ ਸ ਨ ਦੇ ਪ੍ਰਯੋਗ ਨਾਲ ਤਿਲਕ ਕਾਮੋਦ ਦਾ ਸਰੂਪ ਬਣਦਾ ਹੈ। ਪਰ ਇਸ ਵਿਚ ਰ ਮਂ ਪ, ਧ ਨ਼ ਪ ਸਵਰ ਲੈਣ ਨਾਲ ਤਿਲਕ ਕਮੋਦ ਦਾ ਸਰੂਪ ਨਸ਼ਟ ਹੋ ਜਾਂਦਾ ਹੈ। ਧ ਮ, ਪ ਨ ਸਂ ਦੇ ਪ੍ਰਯੋਗ ਨਾਲ ਬਰਵਾ ਦਾ ਸਰੂਪ ਬਣਦਾ ਹੈ ਪਰ ਨ ਸਂ ਰਂ ਸਂ ਨ਼ ਪ ਨਾਲ ਸਾਰੰਗ ਤੇ ਫਿਰ ਧ ਮ ਗ ਰ ਸਵਰ ਲੈਣ ਨਾਲ ਦੇਸ ਦੀ ਝਲਕ ਆ ਜਾਂਦੀ ਹੈ। ਸੋ ਵਡਹੰਸ ਦਾ ਇਨ੍ਹਾਂ ਰਾਗਾਂ ਦੇ ਮਿਸ਼ਰਨ ਤੋਂ ਇਕ ਆਪਣਾ ਸਰੂਪ ਬਣਦਾ ਜਾਂਦਾ ਹੈ।

ਗੁਰਮਤਿ ਸੰਗੀਤ ਵਿਚ ਰਾਗੁ ਵਡਹੰਸੁ ਅੱਜ ਪ੍ਰਚਲਿਤ ਰਾਗਾਂ ਦੀ ਗਨਣਾ ਵਿਚ ਨਹੀਂ ਆਉਂਦਾ ਪਰ ਗੁਰੂ ਕਾਲ ਵਿਚ ਇਸ ਰਾਗ ਦੇ ਲੋਕ ਪ੍ਰਿਆ ਹੋਣ ਦੀ ਸੰਭਾਵਨਾ ਮੰਨਣ ਯੋਗ ਹੈ। ਇਸ ਰਾਗ ਦੀ ਉਪਜ ਵੀ ਲੋਕ ਧੁਨਾਂ ਤੇ ਅਧਾਰਤ ਹੀ ਮੰਨੀ ਜਾ ਸਕਦੀ ਹੈ। ਪਹਿਲੀ ਗੱਲ ਇਹ ਰਾਗ ਜਿਨ੍ਹਾਂ ਰਾਗਾਂ ਦਾ ਮਿਸ਼ਰਨ

ਮੰਨਿਆ ਜਾਂਦਾ ਹੈ ਉਨ੍ਹਾਂ ਤਕਰੀਬਨ ਸਾਰੇ ਰਾਗਾਂ ਦੇ ਸਰੂਪ ਵੀ ਲੋਕ ਧੁਨਾਂ ਤੇ ਅਧਾਰਤ ਮੰਨੇ ਜਾਂਦੇ ਹਨ। ਦੂਜੀ ਗੱਲ ਕਿ ਗੁਰੂ ਨਾਨਕ ਦੇਵ ਜੀ ਨੇ ਰਾਗ ਵਡਹੰਸ ਵਿਚ ਹੀ 'ਅਲਾਹਣੀਆ' ਦੇ ਸਿਰਲੇਖ ਹੇਠ ਬਾਣੀ ਦੀ ਰਚਨਾ ਕੀਤੀ ਹੈ। ਅਲਾਹਣੀਆ ਇਕ ਪ੍ਰਚਲਿਤ ਸ਼ੋਕ ਗੀਤ ਹੈ ਜੋ ਕਿਸੇ ਪ੍ਰਾਣੀ ਦੇ ਗੁਜ਼ਰ ਜਾਣ ਤੇ ਉਸ ਦੇ ਗੁਣਾਂ ਨੂੰ ਯਾਦ ਕਰਕੇ ਮਿਰਾਸਨ ਨਾਲ ਹਾਇ ਹਾਇ ਦੀ ਹੇਕ ਮਿਲਾ ਕੇ ਜਨਾਨੀਆਂ ਆਪਨੀ ਛਾਤੀ ਉਤੇ ਹੱਥ ਮਾਰ ਮਾਰ ਗਾਉਂਦੀਆਂ ਹਨ ਤੇ ਗਲ ਲੱਗ ਕੇ ਕੀਰਨੇ ਪਾਉਂਦੀਆਂ ਹਨ। ਇਹ ਅਲਾਹਣੀਆਂ ਦੀ ਧੁਨ ਤੇ ਰੋਣ ਪਿੱਟਣ ਦੇ ਗੀਤਾਂ ਦੀ ਥਾਂ ਤੇ ਸਿਰਜਣਹਾਰ ਦੀ ਸਿਫਤ ਦੇ ਸ਼ਬਦ ਗੁਰੂ ਨਾਨਕ ਦੇਵ ਜੀ ਨੇ *'ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ'* (੫੭੮-੭੯) ਦਾ ਉਚਾਰਨ ਕੀਤਾ ਹੈ। ਇਸੇ ਤਰ੍ਹਾਂ ਹੀ ਵਿਆਹ ਸਮੇਂ ਵੀ ਜੰਞ ਚੜ੍ਹਨ ਤੋਂ ਪਹਿਲਾਂ ਲਾੜੇ ਨੂੰ ਘੋੜੀ ਤੇ ਚੜ੍ਹਾ ਕੇ ਭੈਣਾਂ ਜੋ ਗੀਤ ਗਾਉਂਦੀਆਂ ਹਨ ਉਹ 'ਘੋੜੀਆਂ' ਹਨ ਤੇ ਐਸੇ ਰਿਵਾਜਾਂ ਦੀ ਕੁਰੀਤੀਆਂ ਨੂੰ ਦੂਰ ਕਰਨ ਲਈ ਗੁਰੂ ਰਾਮ ਦਾਸ ਜੀ ਨੇ ਘੋੜੀਆਂ ਦੇ ਸਿਰਲੇਖ ਹੇਠ (੫੭੫-੭੬) ਬਾਣੀ ਰਚੀ ਜਿਸ ਵਿਚ ਲੋਕ ਪਰਲੋਕ ਵਿਚ ਸੁਖ ਪ੍ਰਾਪਤੀ ਦਾ ਉਪਦੇਸ਼ ਹੈ। *"ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ"* ਇਸ ਤੋਂ ਬਿਨਾਂ ਰਾਗੁ ਵਡਹੰਸੁ ਵਿਚ ਹੀ ਵਡਹੰਸ ਕੀ ਵਾਰ ਮਹਲਾ ੪ ਨੂੰ 'ਲਲ੍ਹਾ ਬਹਲੀਮਾ ਕੀ ਧੁਨਿ ਗਾਵਣੀ' ਦਾ ਆਦੇਸ ਦਿੱਤਾ। ਲਲ੍ਹਾ ਤੇ ਬਹਲੀਮਾ ਦੀ ਲੜਾਈ ਦੇ ਬ੍ਰਿਤਾਂਤ ਨੂੰ ਢਾਡੀ ਜਿਸ ਲੋਕ ਧੁਨਾਂ ਨਾਲ ਗਾਉਂਦੇ ਹਨ ਉਸ ਧੁਨ ਤੇ ਹੀ ਵਡਹੰਸ ਕੀ ਵਾਰ ਨੂੰ ਗਾਇਣ ਕਰਨਾ ਹੈ। ਇਨ੍ਹਾਂ ਤੱਥਾਂ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਰਾਗੁ ਵਡਹੰਸ ਪੰਜਾਬ ਪ੍ਰਾਂਤ ਦਾ ਇਕ ਲੋਕ ਪ੍ਰਿਆ ਰਾਗ ਵੀ ਸੀ ਜਿਸ ਵਿਚ ਲੋਕ ਧੁਨਾਂ ਖੁਸ਼ੀ ਤੇ ਗਮੀਂ ਦੇ ਸਮੇਂ ਗਾਈਆਂ ਜਾਂਦੀਆਂ ਹਨ। ਅੱਜ ਵੀ ਪ੍ਰਾਣੀ ਦੇ ਚਲਾਣੇ ਤੇ ਮ੍ਰਿਤਕ ਸਰੀਰ ਦੇ ਸਸਕਾਰ ਤੋਂ ਪਿਛੋਂ ਸਾਰਾ ਭਾਈਚਾਰਾ ਸੰਗਤ ਰੂਪ ਵਿਚ ਗੁਰੂ ਦਰਬਾਰ ਵਿਚ ਹਾਜ਼ਰ ਹੁੰਦਾ ਹੈ ਤੇ ਰਾਗੁ ਵਡਹੰਸੁ ਵਿਚ ਰਚਿਤ ਅਲਾਹਣੀਆਂ ਦੇ ਪਾਠ ਕਰਨ ਉਪਰੰਤ ਹੀ ਅਰਦਾਸ ਕੀਤੀ ਜਾਂਦੀ ਹੈ। ਫਿਰ ਪ੍ਰਾਣੀ ਨਮਿਤ ਰੱਖੇ ਪਾਠ ਦੇ ਭੋਗ ਸਮੇਂ ਰਾਗੁ ਵਡਹੰਸੁ ਤੇ ਰਾਗੁ ਮਾਰੂ ਵਿਚ ਕੀਰਤਨ ਕਰਨ ਦੀ ਵੀ ਪ੍ਰਥਾ ਚਲੀ ਆ ਰਹੀ ਹੈ। ਰਾਗੁ ਵਡਹੰਸੁ ਵਿਚ ਬਾਣੀ ਦੀ ਰਚਨਾ ਕਰਕੇ ਇਸ ਰਾਗ ਨੂੰ ਲੋਕ ਸੰਗੀਤ ਦੀ ਸੀਮਾਂ ਤੋਂ ਉਠਾ ਕੇ ਸ਼ਾਸਤਰੀਆ ਸੰਗੀਤ ਦਾ ਸਰੂਪ ਦੇਣ ਵਿਚ ਗੁਰੂ ਨਾਨਕ ਦੇਵ ਜੀ , ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦਾ ਮਹਾਨ ਯੋਗਦਾਨ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀ ਮਾਨ ਭਾਈ ਸਾਹਿਬ ਡਾ. ਵੀਰ ਸਿੰਘ ਦੀ 'ਗੁਰਮਤਿ ਸੰਗੀਤ ਪਰ ਮਿਲੀ ਖੋਜ' ਪੰਨਾ ੨੫ ਅਨੁਸਾਰ ਵਡਹੰਸ ਨੂੰ ਭਰਤ ਮੱਤ ਵਿਚ ਸਿਰੀ ਰਾਗੁ ਦਾ ਪੁੱਤਰ, ਸ਼ਿਵ ਮੱਤ ਵਿਚ ਪੰਚਮ ਦੀ ਰਾਗਣੀ ਅਤੇ ਰਾਗਾਰਣਵ ਵਿਚ ਮੇਘ ਦੀ ਰਾਗਣੀ ਮੰਨੀ ਹੈ ਤੇ 'ਸੁਰ ਤਾਲ ਸਮੂਹ' ਵਿਚ ਮਾਲਕੌਂਸ ਦਾ ਪੁੱਤਰ ਮੰਨਿਆ ਹੈ। ਮਾਰੂ, ਗੌਰਾਨੀ ਦੁਰਗਾ, ਧਨਾਸਰੀ, ਜੈਤਸਰੀ ਦੇ ਮਿਲਣ ਤੇ ਵਡਹੰਸ ਬਣਦਾ ਹੈ। ਪ੍ਰਾਣੀ ਦੇ ਚਲਾਣੇ ਪਰ ਵਡਹੰਸ ਤੇ ਮਾਰੂ ਰਾਗ ਹੀ ਗਾਂਵੀਦੇ ਹਨ। ਸ੍ਰੀ ਮਾਨ ਭਾਈ ਸਾਹਿਬ ਡਾਕਟਰ ਚਰਨ ਸਿੰਘ ਦੀ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ ਪੰਨਾ ੨੩ ਅਨੁਸਾਰ 'ਨਾਦ ਬਿਨੋਦ' ਵਿਚ ਮੇਘ ਰਾਗ ਦੀ ਰਾਗਨੀ ਵਡਹੰਸ ਕਰਕੇ ਲਿਖੀ ਹੈ। ਸਾਰੰਗ, ਮੇਘ, ਕਾਮੋਦ ਮਿਲਕੇ ਬਣੀ ਹੈ। 'ਸੁਰ ਤਾਲ ਸਮੂਹ' ਵਿਚ ਮਾਲਕੌਂਸ ਰਾਗ ਦਾ ਪੁੱਤਰ ਕਰਕੇ ਲਿਖਿਆ ਹੈ। 'ਰਾਧਾ ਗੋਬਿੰਦ ਸੰਗੀਤ ਸਾਰ' ਵਿਚ ਲਿਖਿਆ ਹੈ ਦੇਵਗਿਰੀ, ਗੌਰੀ, ਮਾਲਵ, ਸੰਕੀਰਣ ਪੂਰੀਆ, ਧਨਾਸਰੀ ਮਿਲ ਕੇ ਵਡਹੰਸ ਬਣਿਆ ਹੈ, ਸੰਪੂਰਨ ਹੈ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਡਹੰਸੁ ਖਮਾਜ ਥਾਟ ਦਾ ਰਾਗ ਹੈ, ਦੋਵੇਂ ਨਿਸ਼ਾਦ ਲਗਦੇ ਹਨ, ਬਾਕੀ ਸਾਰੇ ਸਵਰ ਸ਼ੁਧ ਹਨ। ਪੰਚਮ ਵਾਦੀ ਤੇ ਰਿਸ਼ਭ ਸੰਵਾਦੀ ਹੈ ਇਸ ਦਾ ਬਰਵੇਂ ਨਾਲ ਬਹੁਤ ਮੇਲ ਹੈ। ਕਈ ਗੁਣੀ ਜਨ ਵਡਹੰਸੁ ਨੂੰ ਦਿਨ ਦਾ ਦੇਸ਼ ਆਖਦੇ ਹਨ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਦਾ ਨਾਮ ਵਡਹੰਸਿਕਾ ਹੈ ਅਤੇ ਇਸ ਨੂੰ ਰਾਗਨੀ ਮੰਨਿਆ ਜਾਂਦਾ ਹੈ। ਡਾਕਟਰ ਜੀ ਐਸ ਮਾਨਸੁਖਾਨੀ ਦੇ 'ਇੰਡੀਅਨ ਕਲਾਸੀਕਲ ਮਿਯੂਜ਼ਕ ਐਂਡ ਸਿੱਖ ਕੀਰਤਨ' ਅਨੁਸਾਰ ਰਾਗੁ ਵਡਹੰਸ, ਥਾਟ ਖਮਾਜ, ਜਾਤੀ ਸ਼ਾੜਵ ਸੰਪੂਰਨ ਤੇ ਪ-ਰ ਦਾ ਸੰਵਾਦ ਹੈ। ਅਰੋਹ- ਸ ਰ ਮ ਪ ਧ ਨੁ ਪ ਨ ਸਂ ਅਵਰੋਹ ਸਂ ਨੁ ਪ ਧ ਮ, ਗ ਰ ਸ, ਨ ਸ। 'ਦਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ' ਵੋ-੨, ਪੰਨਾ ੧੭੨ ਅਨੁਸਾਰ ਇਸ ਦਾ ਥਾਟ ਕਾਫੀ, ਰ-ਪ ਦਾ ਸੰਵਾਦ ਆਰੋਹ, ਅਵਰੋਹ ਵੀ ਅੱਜ ਦੇ ਪ੍ਰਚਲਿਤ ਸਰੂਪ ਵਾਲਾ ਹੀ ਹੈ।

*'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ*

# ਗੁਣਾਂ ਦੀ ਗੁੱਥਲੀ - ਦਾਦਾ ਪੋਤਾ

ਡਾ. ਗੁਰਮੀਤ ਸਿੰਘ ਬੈਦਵਾਣ

ਉਪਦੇਸ਼ਕ ਪੁਸਤਕ 'ਦਾਦਾ ਪੋਤਾ' ਸ਼੍ਰੋਮਣੀ ਰਾਗੀ ਡਾ. ਜਾਗੀਰ ਸਿੰਘ ਦੀ ਕ੍ਰਿਤ ਹੈ। 36 ਪੰਨਿਆਂ ਦੀ ਇਸ ਸੁੰਦਰ ਪੁਸਤਕ ਨੂੰ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਭੇਟਾ ਸਿਰਫ਼ 40 ਰੁਪਏ ਨਿਸ਼ਚਿਤ ਕੀਤੀ ਗਈ ਹੈ। ਰਚਨਾ ਦੇ ਨਾਲ ਢੁਕਵੇਂ ਚਿੱਤਰਾਂ ਦਾ ਆ ਜਾਣਾ ਪੁਸਤਕ ਦੀ ਸਫਲਤਾ ਲਈ ਸ਼ੁਭ ਸ਼ਗਨ ਹੈ।

ਡਾ. ਜਾਗੀਰ ਸਿੰਘ ਇਕ ਆਦਰਸ਼ ਮਨੁੱਖ ਹਨ। ਗੁਰਬਾਣੀ ਸੰਗੀਤ ਦੇ ਖੇਤਰ ਵਿਚ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਡਾ. ਜਾਗੀਰ ਸਿੰਘ ਪਿਛਲੇ ਦੋ ਦਹਾਕੇ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਪੰਜਾਬੀ, ਧਰਮ ਅਧਿਐਨ ਅਤੇ ਸੰਗੀਤ ਵਿਸ਼ੇ ਦੀਆਂ ਪੁਸਤਕਾਂ ਤਿਆਰ ਕਰਨ ਹਿਤ ਬਤੌਰ ਵਿਸ਼ਾ ਮਾਹਿਰ ਅਤੇ ਹੁਣ ਡਿਪਟੀ ਡਾਇਰੈਕਟਰ ਅਕਾਦਮਿਕ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨੇ ਵਿਰਸੇ ਵਿਚੋਂ ਮਿਲੀ ਸੁਹਜ ਤੇ ਸੰਜਮ ਵਾਲੀ ਧਾਰਮਿਕ ਪ੍ਰੇਰਨਾ ਨੂੰ ਇਸ ਬਾਲ ਪੁਸਤਕ ਵਿਚ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਦਾਦੇ ਪੋਤੇ ਦੇ ਸੰਵਾਦ ਰਾਹੀਂ ਉਨ੍ਹਾਂ ਦੀ ਇਹ ਪੁਸਤਕ ਬੱਚਿਆਂ ਦੇ ਉੱਜਲ ਭਵਿੱਖ ਲਈ ਮਾਰਗ ਦਰਸ਼ਨ ਦੇ ਰੂਪ ਵਿਚ ਪੇਸ਼ ਹੋਈ ਹੈ।

ਬੱਚਿਆਂ ਦੇ ਪੱਧਰ 'ਤੇ ਆ ਕੇ ਗੱਲਬਾਤੀ ਅਤੇ ਕਿਰਿਆਤਮਕ ਅੰਦਾਜ਼ ਵਿਚ ਰਚਾਇਆ ਉਪਦੇਸ਼ਾਤਮਕ ਸੰਵਾਦ ਇਸ ਪੁਸਤਕ ਵਿਚ ਖਿੱਚ ਦਾ ਕੇਂਦਰ ਬਣਦਾ ਹੈ। ਗੁਰਬਾਣੀ ਦੇ ਅਧਾਰ ਸਰੋਤ ਵਾਲੀ ਇਸ ਪੁਸਤਕ ਵਿਚ ਚੋਰੀ ਨਾ ਕਰਨ, ਝੂਠ ਨਾ ਬੋਲਣ, ਵੇਲੇ ਸਿਰ ਖਾਣ, ਸੌਣ ਤੇ ਸੁਵਖਤੇ ਜਾਗਣ ਵਰਗੇ ਗੁਣਾਂ ਨੂੰ ਬੱਚੇ ਦੇ ਮਨ ਦੇ ਧੁਰ ਅੰਦਰ ਤਕ ਅਸਰ ਅੰਦਾਜ਼ ਹੁੰਦੇ ਦਿਖਾਇਆ ਗਿਆ ਹੈ। ਹੱਥੀਂ ਕੰਮ ਕਰਨ ਅਤੇ ਆਪਣੀ ਸਿਹਤ ਦੀ ਸੰਭਾਲ ਲਈ ਧੰਨੇ ਸ਼ਾਹ ਦੇ ਪਾਤਰ ਰਾਹੀਂ ਸਫ਼ਲ ਚਿਤ੍ਰਣ ਹੋਇਆ ਮਿਲਦਾ ਹੈ। ਸੱਚੀ ਸੁੱਚੀ ਕਿਰਤ ਕਰਨ ਅਤੇ ਸਬਰ ਸੰਤੋਖ ਨਾਲ ਜੀਵਨ ਜੀਉਣ ਦੀ ਜਾਚ ਨੇਕ ਅਤੇ ਉਦਮੀ ਇਨਸਾਨ ਲਈ ਸਫਲਤਾ ਦੀ ਕੁੰਜੀ ਹੈ।

ਹੱਥੀਂ ਕੰਮ ਕਰਨ ਦੀ ਚੇਟਕ ਪੈਦਾ ਕਰਨੀ ਕੰਮ ਸਭਿਆਚਾਰ ਪੈਦਾ ਕਰਨ ਦਾ ਅਧਾਰ ਬਣਦਾ ਹੈ। ਇਸ ਪੁਸਤਕ ਵਿਚ ਨਰਸਰੀ ਨੂੰ ਸੰਭਾਲਣ ਲਈ ਵਿਉਂਤਬੱਧ ਯਤਨ ਹੋਇਆ ਹੈ। ਜੇਕਰ ਨਰਸਰੀ ਨੂੰ ਸਮੇਂ ਸਿਰ ਸੰਭਾਲ ਲਿਆ ਜਾਂਦਾ ਹੈ ਤਾਂ ਫਿਰ ਛਾਂਦਾਰ ਤੇ ਮਹਿਕ ਭਰਪੂਰ ਫਲਾਂ ਤੇ ਫੁੱਲਾਂ ਲੱਦੇ ਦਰਖਤਾਂ ਦਾ ਸੰਗ ਜੀਵਨ ਭਰ ਮਾਣਿਆ ਜਾ ਸਕਦਾ ਹੈ। ਪੁਸਤਕ ਦੇ ਪੰਨਾ 13 'ਤੇ ਦਰਜ ਹੈ ਕਿ ***ਅਸਲ ਬਿਮਾਰੀ ਹੈ ਵਿਹਲ ਦੀ, ਆਪਣੇ ਹੱਥੀਂ ਕੰਮ ਨਾ ਕਰਨ ਦੀ, ਇਸੇ ਲਈ ਉਹਨੂੰ ਨੀਂਦ ਨਹੀਂ ਆਉਂਦੀ।*** ਇਸ ਗੱਲਬਾਤ ਦਾ ਪ੍ਰਸੰਗ ਅੱਗੋਂ ਭਾਈ ਲਾਲੋ ਦੀ ਸਾਖੀ ਨਾਲ ਜੋੜ ਕੇ ਸਾਰੇ ਪ੍ਰਭਾਵ ਨੂੰ ਪੱਕੇ ਪੈਰੀਂ ਕਰ ਦਿੱਤਾ ਗਿਆ ਹੈ। ਕੰਮ ਕਾਰ ਅਤੇ ਗੱਲਬਾਤ ਕਰਦਿਆਂ ਢੁਕਵੀਆਂ ਸਾਖੀਆਂ ਦਾ ਸਹਿਜ ਪ੍ਰਵੇਸ਼ ਇਸ ਦਸਤਾਵੇਜ਼ ਨੂੰ ਹੋਰ ਮੁੱਲਵਾਨ ਬਣਾ ਦਿੰਦਾ ਹੈ। ਭੂਤਕਾਲ ਦੀਆਂ ਗਲਤੀਆਂ ਵਿਚੋਂ ਭਵਿੱਖ ਲਈ ਚਾਨਣ ਡੰਡੀਆਂ ਨਿਕਲਦੀਆਂ ਨਜ਼ਰੀ ਪੈਂਦੀਆਂ ਹਨ।

ਸ਼ਹਿਰਾਂ ਦੇ ਮੁਕਾਬਲੇ ਪੇਂਡੂ ਵਾਤਾਵਰਣ ਦੀਆਂ ਬਰਕਤਾਂ ਬੱਚਿਆਂ ਲਈ ਖਾਸ ਦਿਲਚਸਪੀ ਪੈਦਾ ਕਰਦੀਆਂ ਹਨ। ਥੋੜੇ ਨੂੰ ਬਹੁਤਾ ਕਰਕੇ ਜਾਣਨਾ, ਕਾਹਲੀ ਵਿਚ ਕੰਮ ਨਾ ਕਰਨਾ ਆਦਿ ਦੀ ਪ੍ਰੇਰਨਾ ਸਹਿਜ ਰੂਪ ਵਿਚ ਹੋਈ ਮਿਲਦੀ ਹੈ। ਫੁੱਲ ਤੋੜਨ ਵਾਲੀ ਘਟਨਾ ਤੋਂ ਦਾਦਾ ਜੀ ਵਲੋਂ ਕਾਕੇ ਨੂੰ ਦਸਿਆ ਗਿਆ ਹੈ ਕਿ ਕੁਦਰਤ ਦੇ ਸੁਹੱਪਣ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ, ਸਗੋਂ ਉਸਨੂੰ ਹੋਰ ਸੁੰਦਰ ਬਣਾਉਣ ਲਈ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ, ਜਿਸ ਸਦਕਾ ਪੁਸਤਕ ਵਿਚਲਾ ਬੱਚਾ ਫੁੱਲਾਂ ਦੀਆਂ ਕਿਆਰੀਆਂ ਆਪ ਤਿਆਰ ਕਰਨ ਲਈ ਉਤਾਵਲਾ ਹੋ ਜਾਂਦਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਲੇਖਕ ਨੇ ਨਿੱਗਰ ਉਪਰਾਲਾ ਕਰਕੇ ਆਦਰਸ਼ ਮਨੁੱਖ ਦੀ ਸਿਰਜਣਾ ਦੀ ਕਲਪਨਾ ਕੀਤੀ ਹੈ। ਬੱਚਿਆਂ ਦੇ ਮਾਧਿਅਮ ਰਾਹੀਂ ਕੀਤਾ ਗਿਆ ਇਹ ਯਤਨ ਇਸ ਦਿਸ਼ਾ ਵਿਚ ਲਾਭਕਾਰੀ ਸਿੱਧ ਹੋਵੇਗਾ ਕਿਉਂਕਿ ਬੱਚੇ ਹੀ ਮਨੁੱਖ ਦੇ ਭਵਿੱਖ ਦੇ ਪ੍ਰਤੀਕ ਹਨ।

*ਪਿੰਡ ਬਾਸੀਆਂ ਬੈਦਵਾਣ, ਡਾਕ. ਮੱਛਲੀ ਕਲਾਂ,*
*ਜਿਲ੍ਹਾ ਫਤਹਿਗੜ੍ਹ ਸਾਹਿਬ*

# ਕੀਰਤਨ ਸਮਾਚਾਰ

## ਮੰਗਤ ਸਿੰਘ ਮਸਤਾਨਾ

✤ ਗੁਰਮਤਿ ਰਾਗੀ ਸਭਾ ਮਲੋਟ ਵਲੋਂ ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਮਲੋਟ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਭਾਈ ਕੇਹਰ ਸਿੰਘ ਕੋਮਲ, ਪ੍ਰੋ: ਮੰਗਤ ਸਿੰਘ ਮਸਤਾਨਾ ਰੇਡੀਓ ਐਂਡ ਟੀਵੀ ਆਰਟਿਸਟ ਜਥਾ, ਭਾਈ ਜੁਗਿੰਦਰ ਸਿੰਘ ਜੋਤ, ਭਾਈ ਸੁਖਪਾਲ ਸਿੰਘ ਸੇਖੂ ਭਾਈ ਪ੍ਰਿਤਪਾਲ ਸਿੰਘ ਖਾਲਸਾ, ਭਾਈ ਚਰਨਜੀਤ ਸਿੰਘ, ਭਾਈ ਪ੍ਰੀਤਮ ਸਿੰਘ ਪ੍ਰੀਤ ਮੈਨੇਜਰ ਗੁ: ਭਾਈ ਜਗਤਾ ਜੀ, ਭਾਈ ਚਮਕੌਰ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਸ਼ਾਂਤ ਆਦਿ ਰਾਗੀ ਜਥਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਸੁਣਾ ਕੇ ਨਿਹਾਲ ਕੀਤਾ। ਸਮਾਪਤੀ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

✤ ਜਲੰਧਰ ਹਲਕਾ ਦੇ ਲੋਕ ਸਭ ਕੇ ਮੈਂਬਰ ਰਾਣਾ ਗੁਰਜੀਤ ਸਿੰਘ ਦੇ ਸਿਆਸੀ ਸਕੱਤਰ ਸਰਦਾਰ ਅਮਰੀਕ ਸਿੰਘ ਬੁੱਟਰ ਦੀ ਮਾਤਾ ਜਗੀਰ ਕੌਰ ਦੇ ਅਕਾਲ ਚਲਾਣੇ, ਪ੍ਰਸਿੱਧ ਸੰਗੀਤਕਾਰ ਨਿਰਦੇਸਕ ਅਨੁ ਮਲਕ ਦੇ ਪਿਤਾ ਉਘੇ ਸੰਗੀਤਕਾਰ ਸਰਦਾਰ ਮਲਕ ਦਾ ਅਰੋਗਯ ਹਸਪਤਾਲ ਮੁੰਬਈ ਵਿਖੇ ਦਿਹਾਂਤ ਦੇ, ਪ੍ਰਸਿੱਧ ਕਵੀ ਚਾਨਣ ਗੋਬਿੰਦ ਪੁਰੀ ਦੇ ਦਿਹਾਂਤ ਦੇ, (ਜਿਨਾਂ ਦੇ ਗੀਤ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਸਵਰਗਵਾਸੀ ਪ੍ਰਕਾਸ਼ ਕੌਰ ਅਤੇ ਆਸਾ ਸਿੰਘ ਮਸਤਾਨਾ ਜੀ ਨੇ ਰਿਕਾਰਡ ਕਰਵਾਏ ਅਤੇ ਬਹੁਤ ਸਾਰੇ ਮਾਨ ਸਨਮਾਨ ਹਾਸਲ ਕੀਤੇ। ਗੋਬਿੰਦ ਪੁਰੀ ਜੀ ਨੇ ਸਿਵਲ ਸੇਵਾਵਾਂ ਵਿਚ ਨੌਕਰੀ ਕੀਤੀ। 1990 ਵਿਚ ਭਾਰਤ ਸਰਕਾਰ ਨੇ ਪੈਟਰੋਲੀਅਮ ਮੰਤਰਾਲੇ ਵਿਚ ਅੰਡਰ ਸੈਕਟਰੀ ਸੇਵਾ ਮੁਕਤ ਹੋਏ ਸਨ) ਜਿਲ੍ਹਾ ਸਿੱਖਿਆ ਦਫਤਰ ਫਿਰੋਜ਼ਪੁਰ ਦੇ ਦਫਤਰ ਸੁਪਰਡੈਂਟ ਸਰਦਾਰ ਰਣਜੀਤ ਸਿੰਘ ਘੁਮਾਣ ਦੇ ਮਾਤਾ ਸ੍ਰੀਮਤੀ ਅਮਰਜੀਤ ਕੌਰ ਦੇ ਅਕਾਲ ਚਲਾਣੇ ਦੇ ਸਬੰਧ ਵਿਚ ਮਲੋਟ ਦੇ ਪ੍ਰਸਿਧ ਰਾਗੀ ਪ੍ਰੋ: ਐਮ ਐਸ ਮਸਤਾਨਾ, ਭਾਈ ਜਸਪਾਲ ਸਿੰਘ ਰਾਗੀ, ਭਾਈ ਸੁਰਜੀਤ ਸਿੰਘ ਸਾਵਨਾ ਹੈਡ ਗ੍ਰੰਥੀ ਗੁਰੂ ਸਿੰਘ ਸਭਾ, ਭਾਈ ਜਤਿੰਦਰਪਾਲ ਸਿੰਘ ਬਿੱਟੂ ਹੈਡ ਗ੍ਰੰਥੀ ਗੁ: ਵਿਸ਼ਵਕਰਮਾ ਭਵਨ ਗੁਰੂ ਹਰਸਹਾਇ (ਫਿਰੋਜ਼ਪੁਰ) ਭਾਈ ਪ੍ਰਕਾਸ਼ ਸਿੰਘ ਹਜ਼ੂਰੀ ਰਾਗੀ ਗੁ: ਨਾਨਕਸਰ ਅਬੋਹਰ, ਭਾਈ ਚਰਨਜੀਤ ਸਿੰਘ ਮਲੇਸ਼ੀਆ, ਗਿ: ਰੂਪ ਸਿੰਘ ਰਸੀਲਾ ਸਾਬਕਾ ਹੱਡ ਗ੍ਰੰਥੀ ਬਾਬਾ ਨਾਮਦੇਵ ਭਵਨ ਫਾਜ਼ਿਲਕਾ (ਸਗਿਰਦ ਸੂਬੇਦਾਰ ਹੰਸਾ ਸਿੰਘ ਬਰਾੜ ਸਗਿਰਦ ਬਾਬੂ ਰਜਬ ਅਲੀ) ਆਦਿਕ ਨੇ ਵਿਛੁੜੀਆਂ ਰੂਹਾਂ ਦੇ ਸਬੰਧ ਵਿਚ ਦੁਖ ਦਾ ਪ੍ਰਗਟਾਵਾ ਕੀਤਾ, ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾ ਵਿਚ ਨਿਵਾਸ ਬਖਸ਼ੇ, ਪਰਿਵਾਰਾਂ ਨੂੰ ਭਾਣਾ ਮੰਨਣ ਦੀ ਤਾਕਤ ਬਖਸ਼ੇ।

✤ 1 ਫਰਵਰੀ 06 ਨੂੰ ਗੁਰਦੁਆਰਾ ਭਿਆਣਾ ਸਾਹਿਬ ਨੇੜੇ ਦਾਨੇਵਾਲਾ (ਮੁਕਤਸਰ) ਅਤੇ ਗੁ: ਭੌਰਾ ਸਿੰਘ ਬੁਰਜ ਸਿੱਧਵਾਂ ਵਿਖੇ 2 ਫਰਵਰੀ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿਚ ਮਲੌਟ ਦੇ ਪ੍ਰਸਿਧ ਰਾਗੀ ਪ੍ਰੋਫੈਸਰ ਮੰਗਤ ਸਿੰਘ ਮਸਤਾਨਾ, ਗਿਆਨੀ ਭਗਵਾਨ ਸਿੰਘ ਅਤੇ ਗਿ: ਭੋਲਾ ਸਿੰਘ ਪੰਛੀ, ਭਾਈ ਜਗਦੇਵ ਸਿੰਘ ਮੈਨੇਜਰ ਪ੍ਰੀਤਮ ਸਿੰਘ ਪ੍ਰੀਤ ਆਦਿਕ ਜਥਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਸੁਣਾ ਕੇ ਨਿਹਾਲ ਕੀਤਾ। ਉਪਰੋਕਤ ਸਮਾਗਮ ਸੰਤ ਬਲਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਮੈਨੇਜਰ ਇਕਬਾਲ ਸਿੰਘ ਜੀ ਦੇ ਉਦਮ ਦੁਆਰਾ ਕਰਵਾਇਆ ਗਿਆ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

✤ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਮੰਡੀ ਹਰਜੀਰਾਮ ਮਲੋਟ ਅਤੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਮੰਡੀ ਗੁਰੂ ਹਰਸਹਾਇ (ਫਿਰੋਜ਼ਪੁਰ) ਵਿਖੇ 5-1-06 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ ਅਤੇ ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ ਮਹੰਤ ਤੀਰਥ ਸਿਘ ਜੀ ਦੇ ਉਦਮ ਸਦਕਾ 7-1-06 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਸ਼ਰਧਾ ਪੂਰਵਕ ਮਨਾਇਆ ਗਿਆ। ਜਿਸ ਵਿਚ ਭਾਈ ਦਵਿੰਦਰ ਸਿੰਘ ਦਰਦੀ ਹਜ਼ੂਰੀ ਰਾਗੀ ਗੁ: ਗੁਰੂ ਨਾਨਕ ਦੇਵ ਜੀ, ਸੰਤ ਧਰਮ ਸਿੰਘ ਹਜੂਰੀ ਰਾਗੀ ਗੁਰਦੁਆਰਾ ਭਾਈ ਜਗਤਾ ਜੀ ਮਲੌਟ ਵਾਲੇ, ਭਾਈ ਚਮਕੌਰ ਸਿੰਘ, ਪ੍ਰੋ: ਮੰਗਤ ਸਿੰਘ ਮਸਤਾਨਾ ਮਲੌਟ ਵਾਲੇ, ਭਾਈ ਜਤਿੰਦਰਪਾਲ ਸਿੰਘ ਬਿੱਟੂ ਹਜ਼ੂਰੀ ਰਾਗੀ ਗੁ: ਵਿਸ਼ਵਕਰਮਾ ਭਵਨ ਹਰਿਸਹਾਇ, ਪ੍ਰੋ: ਹਰਭਜਨ ਸਿੰਘ ਰਾਗੀ ਗੁ: ਭਾਈ ਜਗਤਾ ਜੀ, ਕਾਕਾ ਸਤਵਿੰਦਰ ਸਿੰਘ ਬੀਬੀ ਅਮਰਜੋਤ ਕੌਰ, ਭਾਈ ਗੁਰਨਾਮ ਸਿੰਘ ਆਦਿਕ ਰਾਗੀ ਜਥਿਆਂ ਨੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਸ਼ਬਦ ਕੀਰਤਨ ਸੁਣਾ ਕੇ ਨਿਹਾਲ ਕੀਤਾ। ਸਮਾਪਤੀ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਿਆ।

*ਸੰਗਮ ਰੇਡੀਓ ਅਤੇ ਟੀਵੀ ਕਾਲਜ, ਮਲੌਟ(ਮੁਕਤਸਰ)*

# ਸੁਰ ਲਿਪੀ

ਪ੍ਰੋ: ਹਰਮਿੰਦਰ ਕੌਰ

*ਰਾਗ ਤਿਲੰਗ*

**ਸੁਰ:** ਰਿਸ਼ਭ ਅਤੇ ਧੈਵਤ ਵਰਜਿਤ, ਦੋਵੇਂ ਨਿਸ਼ਾਦ, ਬਾਕੀ ਸਾਰੇ ਸਵਰ ਸ਼ੁਧ

**ਥਾਟ:** ਖਮਾਜ, ਜਾਤੀ-ਔੜਵ **ਵਾਦੀ:** ਗੰਧਾਰ **ਸੰਵਾਦੀ:** ਨਿਸ਼ਾਦ

**ਸਮਾਂ:** ਦਿਨ ਦਾ ਤੀਸਰਾ ਪਹਿਰ। **ਆਰੋਹ:** ਸ ਗ, ਮ ਪ, ਨੀ ਸੰ,

**ਅਵਰੋਹ:** ਸੰ ਨੁੀ ਪ ਮ ਗ ਸ। **ਮੁੱਖ ਅੰਗ:** ਨ਼ੀ ਸ ਗ ਮ ਪ, ਨੁੀ ਪ, ਗ ਮ ਗ ਸ

ਤਿਲੰਗ ਮਹਲਾ ੫ ਘਰ ੩

ਤਾਲ- ਦਾਦਰਾ

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| x | | | 0 | | | x | | | 0 | | |
| **ਸਥਾਈ** | | | | | | | | | | | |
| ਸ | ਗ | ਗ | ਮਗ | ਪ | ਪਪ | ਮ | ਪ | ਮ | ਗ | ਮਗ | ਸ– |
| *ਮਿ* | *ਹ* | *ਰ* | *ਵਾऽ* | *ऽ* | *ਨੁऽ* | *ਮਿ* | *ਹ* | *ਰ* | *ਵਾ* | *ऽऽ* | *ऽਨੁ* |
| ਗ | ਮ | ਪ | ਨੀ | ਸੰਨੀ | ਸੰ | ਨੁੀ | ਪ | ਮ | ਗ | ਗ | –ਸ |
| *ਸਾ* | *ਹਿ* | *ਬ* | *ਮੇ* | *ਰਾऽ* | *ऽ* | *ਮਿ* | *ਹ* | *ਰ* | *ਵਾ* | *ऽ* | *ऽਨੁ* |
| ਨੀ | ਨੀ | ਨੀ | ਸੰਨੀ | ਸੰਨੀ | ਸੰ– | ਪਨੀ | ਸੰਨੁੀ | ਪਮ | ਨੁੀਪ | ਮਗ | ਗਸ |
| *ਜੀ* | *ਅ* | *ਸ* | *ਗਲ* | *ਕਉ* | *ऽऽ* | *ਦੇऽ* | *ऽऽ* | *ਇऽ* | *ਦਾऽ* | *ऽऽ* | *ऽਨੁ* |
| **ਅੰਤਰਾ** | | | | | | | | | | | |
| ਗ | ਮ | ਪ | ਨੀ | ਨੀ | ਨੀ | ਸੰ | ਸੰ | ਨੀ | ਸੰ | ਸੰ | ਸੰ |
| *ਤੂ* | *ऽ* | *ਕਾ* | *ऽ* | *ਹੇ* | *ऽ* | *ਡੋ* | *ऽ* | *ऽ* | *ਲਹਿ* | *ऽ* | *ऽ* |
| ਪਨੀ | ਸੰ | ਸੰ | ਨੁੀ | ਪ | ਮਪ | ਸੰ | ਸੰ | ਗੰ | ਗੰ | ਸੰ | ਸੰ |
| *ਪ੍ਰਾऽ* | *ऽ* | *ऽ* | *ਣੀ* | *ऽ* | *ਆऽ* | *ਤੁ* | *ਧ* | *ਰਾ* | *ऽ* | *ਖੈ* | *ऽ* |
| (ਸੰ) | – | ਨੁੀ | ਪ | ਗ | ਮ | ਪ | ਪ | ਮ | ਪ | – | – |
| *ਗਾ* | *ऽ* | *ਸਿ* | *ਰ* | *ਜ* | *ਨ* | *ਹਾ* | *ऽ* | *ऽ* | *ਰ* | *ऽ* | *ऽ* |
| ਗਾ | ਮ | ਪ | ਨੁੀ | ਨੁੀ | ਨੁੀ | ਸੰਨੀ | ਸੰ | ਨੁੀਪ | ਮਪ | ਗ | ਗ |
| *ਜਿ* | *ਨ* | *ਪੈ* | *ਦਾ* | *ਇ* | *ਸ* | *ਤੂऽ* | *ऽ* | *ਕੀऽ* | *ਆऽ* | *ऽ* | *ऽ* |
| ਨੀ | ਨੀ | ਨੀ | ਸੰਨੀ | ਸੰ | ਸੰ | ਪਨੀ | ਸੰਨੁੀ | ਪਮ | ਨੁੀਪ | ਮਗ | ਗਸ |
| *ਸੋ* | *ਈ* | *ऽ* | *ਦੇऽ* | *ਇ* | *ऽ* | *ਆऽ* | *ऽऽ* | *ऽऽ* | *ਧਾऽ* | *ऽऽ* | *ऽਰ* |

| | | | | | | | | | | | |
|---|---|---|---|---|---|---|---|---|---|---|---|
| ਦੂਸਰਾ ਅੰਤਰਾ- ਸਵਰ ਉਹੀ, ਤੁਕ ਨੂੰ ਗਾਉਣ ਦਾ ਢੰਗ ਹੇਠ ਲਿਖੇ ਅਨੁਸਾਰ: | | | | | | | | | | | |
| ਜਿ | ਨ | ऽ | ऽ | ऽ | ਉ | ਪਾ | ऽ | ऽ | ਈ | ऽ | ऽ |
| ਮੇऽ | ऽ | ऽ | ਦ | ऽ | ਨੀऽ | ਸੋ | ऽ | ਈ | ऽ | ऽ | ऽ |
| ਕ | ਰ | ਦਾ | ऽ | ऽ | ऽ | ਸਾ | ऽ | ऽ | ਰ | ऽ | ऽ |
| | | | | | | ਅਗਲੀ ਤੁਕ ਉਪਰੋਕਤ ਅੰਤਰੇ ਅਨੁਸਾਰ | | | | | |
| ਤੀਸਰਾ ਅੰਤਰਾ: | | | | | | | | | | | |
| ਕੁ | ਦ | ऽ | ਰ | ऽ | ਤ | ਕੀ | ऽ | ਮ | ਨਾ | ऽ | ऽ |
| ਜਾऽ | ऽ | ऽ | ਣੀ | ऽ | ਐऽ | ਵ | ऽ | ਡਾ | ऽ | ऽ | ऽ |
| ਵੇ | ऽ | ऽ | ऽ | ਪ | ਰ | ਵਾ | ऽ | ऽ | ਹੁ | ऽ | ऽ |
| | | | | | | ਅਗਲੀ ਤੁਕ ਉਪਰੋਕਤ ਅੰਤਰੇ ਅਨੁਸਾਰ | | | | | |
| ਚੌਥਾ ਅੰਤਰਾ: | | | | | | | | | | | |
| ਤੂ | ऽ | ऽ | ऽ | ਸ | ਮ | ਰ | ऽ | ऽ | ਥ | ऽ | ਅ |
| ਕऽ | ਥ | ਅ | ਗੋ | ਚऽ | ਰऽ | ਜੀ | ऽ | ਓ | ऽ | ऽ | ऽ |
| ਧਿੰऽ | ਡ | ਤੇ | ऽ | ਗੀ | ऽ | ਗਾ | ऽ | ऽ | ਸ | ऽ | ऽ |
| | | | | | | ਅਗਲੀ ਤੁਕ ਉਪਰੋਕਤ ਅੰਤਰੇ ਅਨੁਸਾਰ | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਤਿਲੰਗੁ ਮਹਲਾ ੫ ਘਰੁ ੩ | Tilang 5th Guru. | ਤਿਲੰਗ ਪੰਜਵੀਂ ਪਾਤਸ਼ਾਹੀ। |
| ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ | Merciful, merciful is the Lord. Merciful is my Master. | ਦਇਆਵਾਨ, ਦਇਆਵਾਨ ਹੈ ਸੁਆਮੀ। ਦਇਆਵਾਨ ਹੈ ਮੈਂਡਾ ਮਾਲਕ। |
| ਜੀਅ ਸਗਲ ਕਉ ਦੇਇ ਦਾਨੁ। ਰਹਾਉ ॥ | He blesses all the beings with His bounties. Pause | ਉਹ ਸਾਰੇ ਜੀਵਾਂ ਨੂੰ ਆਪਣੀਆਂ ਬਖਸ਼ੀਸ਼ਾਂ ਪਰਦਾਨ ਕਰਦਾ ਹੈ। ਠਹਿਰਾਉ। |
| ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ | Why waverest thou O mortal. The Creator whall protect thee. | ਤੂੰ ਕਿਉਂ ਡਿਕਡੋਲੇ ਖਾਂਦਾ ਹੈਂ, ਹੇ ਫਾਨੀ ਬੰਦੇ ਕਰਤਾਰ ਤੇਰੀ ਰਖਿਆ ਕਰੇਗਾ। |
| ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥ | He, who gave thee birth, will provide thee with sustenance. | ਜਿਸ ਨੇ ਤੈਨੂੰ ਜਨਮ ਦਿੱਤਾ ਹੈ, ਉਹ ਹੀ ਤੈਨੂੰ ਆਹਾਰ ਦੇਵੇਗਾ। |
| ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ | He, who has created the world takes care of it. | ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਉਹ ਹੀ ਇਸ ਦੀ ਸੰਭਾਲ ਕਰਦਾ ਹੈ। |
| ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥ | The True Cherisher is the Lord of all the souls and minds. | ਸਚਾ ਪਾਲਣ ਪੋਸਣਹਾਰ, ਸਾਰੀਆਂ ਆਤਮਾਵਾਂ ਅਤੇ ਮਨਾਂ ਦਾ ਸੁਆਮੀ ਹੈ। |
| ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹ ॥ | His Omnipotence and worth cannot be known. He is the great and unconcerned Lord. | ਉਸ ਦੀ ਅਪਾਰ ਸ਼ਕਤੀ ਤੇ ਕ਼ੀਮਤ ਜਾਣੀ ਨਹੀਂ ਜਾ ਸਕਦੀ। ਉਹ ਵਿਸ਼ਾਲ ਅਤੇ ਬੇ ਮੁਹਤਾਜ ਸੁਆਮੀ ਹੈ। |
| ਕਰਿ ਬੰਦੇ ਤੂੰ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥ | O man, mediate thou on the Lord, till there is breath in thy body. | ਹੇ ਇਨਸਾਨ! ਤੂੰ ਉਦੋਂ ਤਾਈਂ ਸਾਹਿਬ ਦੇ ਸਿਮਰਨ ਕਰ ਜਦ ਤਾਈਂ ਤੇਰੀ ਦੇਹ ਅੰਦਰ ਸੁਆਸ ਹੈ। |
| ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ। | O Lord, Thou art all powerful, Ineffable and inapprehensible. My soul and body are Thy capital. | ਹੇ ਪ੍ਰਭੂ! ਤੂ ਸਰਬ ਸ਼ਕਤੀਵਾਨ ਅਕਹਿ ਅਤੇ ਅਗਾਧ ਹੈਂ। ਮੇਰੀ ਜਿੰਦਗੀ ਅਤੇ ਜਿਸਮ ਤੇਰੀ ਪੂੰਜੀ ਹਨ। |
| ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥ | In Thy mercy I attain peace, O Lord, Nanak ever makes supplication before Thee. | ਤੇਰੀ ਰਹਿਮਤ ਅੰਦਰ ਮੈਂ ਆਰਾਮ ਪਾਉਂਦਾ ਹਾਂ, ਤੇ ਸਾਈਂ ਨਾਨਕ ਹਮੇਸ਼ਾਂ ਹੀ ਤੇਰੇ ਅਗੇ ਪ੍ਰਾਰਥਨਾ ਕਰਦਾ ਹੈ। |